ISSN: 2584-0509

(Page 137 to 154)



ਜਸਪਾਲ ਮਾਨਖੇੜਾ
+91 97800-42156

# ਮੇਰੇ ਤਿੰਨ ਬਾਬੇ

ਮੇਰੇ ਦੋਸਤ ਰਣਬੀਰ ਰਾਣਾ ਨੇ ਇੱਕ ਆਰਟੀਕਲ ਲਿਖਿਆ ਸੀ...."ਮੇਰੇ ਤਿੰਨ ਪਿਓ"। ਇਸ ਲੇਖ ਵਿੱਚ ਰਾਣੇ ਨੇ ਆਪਣੇ ਬਾਪ ਬਘੇਲ ਸਿੰਘ, ਪਾਲਣਹਾਰ ਤੇ ਤੀਜਾ ਨੇਤਰ ਖੋਲ੍ਹਣ ਵਾਲੇ ਬਾਪ ਗਿਆਨੀ ਗੁਰਦੇਵ ਸਿੰਘ ਅਤੇ ਉਸਤਾਦ ਜਨਾਬ ਦੀਪਕ ਜੈਤੋਈ ਸਾਹਿਬ ਬਾਰੇ ਲਿਖਿਆ ਸੀ। ਇਹ ਲੇਖ ਸਿੱਧੂ ਦਮਦਮੀ ਨੇ 'ਸਾਹਿਤਕ ਸੰਖ' ਮੈਗਜ਼ੀਨ ਵਿੱਚ ਛਾਪਿਆ ਸੀ। ਹੱਥਲੇ ਲੇਖ ਵਿੱਚ ਮੈਂ ਵੀ ਰਾਣੇ ਵਾਂਗ ਆਪਣੇ ਤਿੰਨ ਬਾਬਿਆਂ ਬਾਰੇ ਗੱਲ ਕਰਾਂਗਾ।

ਮੇਰਾ ਜੱਦੀ ਪਿੰਡ ਮਾਨਖੇੜਾ ਹਰਿਆਣੇ ਦੇ ਨਾਲ ਲੱਗਵਾਂ ਹੈ। ਇਹ ਪਿੰਡ ਲਗਭਗ ਪੌਣੇ ਦੋ ਸੌ ਸਾਲ ਪਹਿਲਾਂ ਪਿੰਡ ਉਗੋਕੇ (ਜ਼ਿਲ੍ਹਾ ਸੰਗਰੂਰ ਹੁਣ ਜ਼ਿਲ੍ਹਾ ਬਰਨਾਲਾ) ਦੇ ਧਾਲੀਵਾਲਾਂ ਨੇ ਵਸਾਇਆ ਸੀ। ਉੱਗੋਕੇ ਪਿੰਡ ਦਾ ਹਰੀ ਸਿੰਘ ਪਟਿਆਲੇ ਵਾਲੇ ਰਾਜੇ ਦੀ ਫੌਜ ਵਿਚ ਛੋਟਾ ਵੱਡਾ ਅਫ਼ਸਰ ਸੀ। ਉਸ ਦੇ ਕਿਸੇ ਸਾਥੀ ਨੇ ਕਿਹਾ ਸੀ।

"ਹਰੀ ਸਿਆਂ ਤੂੰ ਕਹਿੰਨਾ ਹੁੰਨੈਂ ਕਿ ਸਾਡੇ ਭਾਈਚਾਰੇ ਦੇ ਪਰਿਵਾਰ ਵੱਧ ਰਹੇ ਹਨ, ਜ਼ਮੀਨ ਘਟ ਰਹੀ ਹੈ। ਜ਼ਮੀਨ ਲੈਣੀ ਐ 'ਕੱਠੀ। ਸਾਡਾ ਇਕ ਰਿਸ਼ਤੇਦਾਰ ਪਿੰਡ ਵੇਚਦੈ,ਜੇ ਖਰੀਦਣੈ ਤਾਂ ਹੁਣ ਮੌਕੈ।"

ਹਰੀ ਸਿਓਂ ਨੇ ਪਿੰਡ ਆ ਕੇ ਭਾਈਚਾਰੇ ਨਾਲ ਗੱਲ ਕੀਤੀ। ਉੱਗੋਕੇ ਪਿੰਡ ਦੇ ਸੱਤ-ਅੱਠ ਬਜ਼ੁਰਗਾਂ ਨੇ ਘੱਗਰ-ਨਾਲੀ ਪਾਰ, ਰੇਲਵੇ ਸਟੇਸ਼ਨ ਸਰਸੇ ਤੋਂ ਵੀਹ ਕਿਲੋਮੀਟਰ ਦੂਰ,ਹੱਦਬਸਤ ਨੰਬਰ 204 ਪਿੰਡ ਖਰੀਦ ਲਿਆ। ਆਸੇ ਪਾਸੇ ਮੁਸਲਮਾਨਾਂ ਦੇ ਪਿੰਡ ਸਨ। ਐਨੇ ਸਾਰੇ ਮੁਸਲਮਾਨਾਂ ਵਿੱਚ ਦੂਰ ਪਾਰੋਂ ਆਏ ਮਲਵਈ ਸਿੱਖਾਂ ਦੇ ਪੈਰ ਲੱਗਣੇ ਸੌਖਾ ਕੰਮ ਨਹੀਂ ਸੀ। ਮਾਨਖੇੜੀਆਂ ਦੀ ਗੱਡੀ ਮੋਹੜੀ ਮੁਸਲਮਾਨ ਗਵਾਂਢੀ ਪੱਟ ਜਾਂਦੇ। ਲੜਾਈ ਹੁੰਦੀ ਤਾਂ ਮਾਨਖੇੜੇ ਵਾਲੇ ਹਾਰ ਜਾਂਦੇ। ਭੱਜਦੇ ਮਲਵਈਆਂ ਕੋਲ ਢੁਡਾਲਾਂ (ਸਰਦੂਲਗੜ੍ਹ) ਦੇ ਸੰਧੂ ਹੀ ਸਨ। ਪੁਰਾਣੇ ਬਜ਼ੁਰਗ ਦੱਸਦੇ ਹੁੰਦੇ ਨੇ....!

"ਫੇਰ ਭਾਈ... ਆਪਣੇ ਬੁੜ੍ਹਿਆਂ ਨੇ ਢੁਡਾਲਾਂ ਦੇ ਸੰਧੂਆਂ ਕੋਲ਼ ਜਾ ਫਰਿਆਦ ਕੀਤੀ। ਸੰਧੂਆਂ ਨੂੰ ਕੁੱਲ ਰਕਬੇ ਦਾ ਤੀਜਾ ਹਿੱਸਾ ਮਾਲਕੀ ਦੇ ਦਿੱਤੀ। ਸੰਧੂ ਪਹਿਲੇ ਦਿਨੋਂ ਲੜਾਕੇ ਹੁੰਦੇ ਨੇ। ਆਪਣੇ ਬੁੜ੍ਹਿਆਂ ਤੇ ਸੰਧੂਆਂ ਨੇ ਰਲਕੇ ਪਚਾਧੇ ਕੁੱਟੇ ਤਾਂ ਕਿਤੇ ਜਾ ਕੇ ਪਿੰਡ ਬੱਝਿਆ...!"

ਮਾਨਖੇੜਾ ਦੋ ਬਜ਼ੁਰਗਾਂ ਮਿਰਜ਼ਾ ਤੇ ਮਿਸਰੀ ਦੀ ਔਲਾਦ ਹੈ। ਮਿਰਜ਼ੇ ਕਿਆਂ ਚੋਂ ਸਾਡੇ ਲਾਣੇ ਦਾ, ਬਾਬਾ ਗੁੰਨੀ (ਪੂਰਾ ਨਾਂ ਗੁਰਦਿੱਤ ਸਿੰਘ) ਆਵਦੇ ਲੱਕ ਨਾਲ ਬਾਸਨੀ (ਸੋਨੇ ਚਾਂਦੀ ਦੇ ਰੁਪਈਏ) ਬੰਨ੍ਹ ਕੇ ਪਿੰਡ ਬੰਨ੍ਹਣ ਵੇਲੇ ਨਾਲ ਆਇਆ ਸੀ। ਬਾਬੇ ਗੁੰਨੀ ਦੇ ਤਿੰਨ ਪੁੱਤਰ


www.khojnama.com khojnamapb03@gmail.com

ਕਾਲ੍ਹਾ ਸਿਓਂ,ਭੱਮਾ ਸਿਓਂ,ਝੰਡਾ ਸਿਓਂ ਸਨ। ਮੇਰਾ ਪੜਦਾਦਾ ਕਾਲ੍ਹਾ ਸਿਓਂ ਅੰਗਰੇਜ਼ਾਂ ਦੀ ਫੌਜ ਵਿੱਚ ਭਰਤੀ ਹੋ ਗਿਆ। ਉਹ ਪਹਿਲੀ ਸੰਸਾਰ ਜੰਗ ਵਿੱਚ ਬਰ੍ਹਮਾਂ ਦੇ ਫਰੰਟ ਤੇ ਲੜਦਾ ਸ਼ਹੀਦ ਹੋ ਗਿਆ ਸੀ। ਉਸ ਦੀ ਘਰਵਾਲੀ ਹਰ ਕੁਰ (ਮੇਰੀ ਪੜਦਾਦੀ) ਤੇ ਉਸ ਦੇ ਛੇਆਂ ਪੁੱਤਰਾਂ ਦੇ ਨਾਮ ਪੈਨਸ਼ਨ ਲੱਗ ਗਈ। ਜਦੋਂ ਮੁੰਡਾ ਬਾਲਗ ਹੋ ਜਾਂਦਾ ਪੈਨਸ਼ਨ ਹਟ ਜਾਂਦੀ। ਅੱਖਾਂ ਤੋਂ ਮਨਾਖੀ ਪੜਦਾਦੀ ਹਰ ਕੁਰ ਦੀ ਮਰਦੇ ਦਮ ਤੱਕ ਪੈਨਸ਼ਨ ਰਹੀ। ਬਾਬੇ ਕਾਲ੍ਹਾ ਸਿਓਂ ਦਾ ਘਰ ਤੇ ਔਲਾਦ ਉਸ ਦੇ ਛੋਟੇ ਅਣਵਿਆਹੇ ਭਰਾ ਝੰਡਾ ਸਿਓਂ ਨੇ ਸਾਂਭਿਆ। ਸਾਡੇ ਘਰਾਂ ਨੂੰ ਅਜੇ ਵੀ ਝੰਡੇ ਕੇ, ਝੰਡੇ ਕਾ ਲਾਣਾ ਕਹਿੰਦੇ ਨੇ। ਮੇਰੀ ਦਾਦੀ, ਮਾਂ, ਅਸੀਂ ਜਵਾਕ ਲਾਗਲੇ ਪਿੰਡ ਝੰਡਾ ਕਲਾਂ ਨੂੰ ਵੱਡਾ ਪਿੰਡ ਕਹਿੰਦੇ ਰਹੇ ਹਾਂ।

ਬਾਬੇ ਕਾਲ੍ਹਾ ਸਿਓਂ ਦੇ ਛੇ ਪੁੱਤ ਸਨ-ਸੰਤਾ ਸਿੰਘ,ਬੱਗਾ ਸਿੰਘ, ਅਮਰੀਕ ਸਿੰਘ, ਬੰਤਾ ਸਿੰਘ,ਕੀਕਾ ਸਿੰਘ,ਕਰਤਾਰਾ ਸਿੰਘ। ਧੀ ਨਹੀਂ ਸੀ। ਵੱਡਾ ਸੰਤਾ ਸਿੰਘ ਪਟਿਆਲੇ ਵਾਲੇ ਰਾਜੇ ਦੀ ਫੌਜ ਵਿੱਚ ਦਫੇਦਾਰ ਸੀ। ਉਸ ਨੂੰ ਉਗੋ ਵਾਲੀ ਜ਼ਮੀਨ ਦਿੱਤੀ ਹੋਈ ਸੀ। ਉਸ ਦੀ ਔਲਾਦ ਅਜੇ ਉੱਗੋਕੇ ਹੀ ਰਹਿੰਦੀ ਹੈ।

ਬਾਕੀ ਪੰਜ ਭਰਾ ਮਾਨਖੇੜੇ ਰਹਿੰਦੇ ਹਨ। ਸਾਡਾ ਬਾਬਾ ਬੱਗਾ ਸਿੰਘ ਅੰਗਰੇਜ਼ੀ ਫੌਜ ਵਿੱਚ ਸੀ। ਉਸ ਨੇ ਦੂਜੀ ਸੰਸਾਰ ਜੰਗ ਲੜੀ ਸੀ। ਉਹ ਸੂਬੇਦਾਰ ਦੇ ਉਚੇ ਅਹੁਦੇ ਤੋਂ ਰਿਟਾਇਰ ਹੋਇਆ ਸੀ। ਬਾਬੇ ਦਾ ਇਕ ਭਰਾ ਬੰਤਾ ਸਿੰਘ ਵੀ ਫੌਜੀ ਸੀ ਤੇ ਉਹ ਹੌਲਦਾਰ ਰਿਟਾਇਰ ਹੋਇਆ ਸੀ।

ਬਾਬੇ ਬੰਤੇ ਦੀ ਫੌਜ ਵਿੱਚ ਭਰਤੀ ਹੋਣ ਦੀ ਕਹਾਣੀ ਅਜੀਬ ਹੈ।

ਬਾਬੇ ਬੰਤੇ ਦਾ ਕੱਦ ਬਹੁਤ ਛੋਟਾ ਸੀ। ਮਸਾਂ ਪੰਜ ਫੁੱਟ ਤੋਂ ਇਕ ਦੋ ਇੰਚ ਉਤੇ। ਪਰ ਉਹ ਫੁਰਤੀਲਾ ਬਹੁਤ ਸੀ। ਬਾਬਾ ਬੰਤਾ ਕਿਸੇ ਛਾਉਣੀ (ਸ਼ਾਇਦ ਰਾਵਲਪਿੰਡੀ) ਆਪਣੇ ਭਰਾ ਨੂੰ ਮਿਲਣ ਚਲਾ ਗਿਆ,ਮਨ ਵਿੱਚ ਭਰਤੀ ਹੋਣ ਦੀ ਆਸ ਲੈ ਕੇ। ਬਾਬਾ ਬੱਗਾ ਸਿੰਘ ਘੋੜਾ ਲਈਂ ਇਧਰ ਉਧਰ ਜਾ ਰਿਹਾ ਸੀ ਨਾਲ ਛੋਟਾ ਭਰਾ ਬਾਬਾ ਬੰਤਾ। ਰਾਹ ਵਿੱਚ ਕੋਈ ਅੰਗਰੇਜ਼ ਅਫ਼ਸਰ ਮਿਲ ਗਿਆ ਤੇ ਬਾਬੇ ਕੋਲ ਰੁਕ ਵੀ ਗਿਆ। ਬਾਬੇ ਨੇ ਸਲੂਟ ਠੋਕ ਕੇ ਆਖਿਆ...।

"ਸਾਹਬ ਯੇਹ ਮੇਰਾ ਬਰਦਰ ਹੈ ਇਸ ਕੋ ਫੌਜ ਮੇਂ ਭਰਤੀ ਕਰਨੈ।"

ਅੰਗਰੇਜ਼ ਅਫ਼ਸਰ ਬਾਬੇ ਬੰਤੇ ਦੇ ਮਧਰੇ ਕੱਦ ਵੱਲ ਵੇਖ ਕੇ ਹੱਸਿਆ ਤੇ ਕਹਿਣ ਲੱਗਾ।

"ਇਸ ਕੋ.... ਬੱਗਾ ਸੀਂਘ,ਯੇਹ ਘੋਰੇ ਪਰ ਕੈਸੇ ਚਰੇਗਾ।"

ਬਾਬਾ ਬੰਤਾ ਅੰਗਰੇਜ਼ ਦੀ ਟੁੱਟੀ ਫੁੱਟੀ ਹਿੰਦੀ ਸਮਝ ਗਿਆ। ਉਸ ਘੋੜੇ ਦੀ ਧੌਣ ਦੇ ਵਾਲ ਫੜੇ,ਬਾਂਦਰ ਵਾਂਗ ਟਪੂਸੀ ਮਾਰ ਕੇ ਘੋੜੇ ਦੀ ਪਿੱਠ ਤੇ ਚੜ੍ਹ ਗਿਆ। ਅੰਗਰੇਜ਼ ਅਫ਼ਸਰ ਵੱਲ ਵੇਖ ਕੇ ਮੁਸਕਰਾਇਆ। ਫਿਰ ਟਪੂਸੀ ਮਾਰ ਦੂਜੇ ਪਾਸੇ ਹੇਠਾਂ ਉਤ੍ਰਰ ਗਿਆ। ਦੂਜੇ ਪਾਸਿਉਂ ਫੇਰ ਬੁੜ੍ਹਕਿਆ ਤੇ ਘੋੜੇ ਦੀ ਕੰਡ ਤੇ ਜਾ ਬੈਠਾ। ਫਿਰ ਹੇਠਾਂ ਉਤ੍ਰਰਿਆ ਤੇ ਅਫ਼ਸਰ ਨੂੰ ਟੁੱਟਿਆ ਜਿਆ ਸਲੂਟ ਠੋਕਿਆ।

ਗੋਰਾ ਅਫ਼ਸਰ ਖੁਸ਼ ਹੋ ਗਿਆ।

"ਅਰੇ ਬੱਗਾ ਸੀਂਘ ਯੇਹ ਤੋ..... ਭਰਤੀ ਕੀਆ।"

ਬਾਬੇ ਬੰਤੇ ਨੂੰ ਇਨਫੈਂਟਰੀ ਵਿੱਚ ਤਾਂ ਨਹੀਂ, ਪਿੱਛੇ ਰਾਸ਼ਨ ਦੇਣ ਵਾਲਿਆਂ ਵਿੱਚ ਭਰਤੀ ਕਰ ਲਿਆ। ਉਥੋਂ ਉਹ ਬਹੁਤ ਸਾਰੀਆਂ 'ਬਹਿਵਤਾਂ ਤੇ ਚਲਾਕੀਆਂ' ਸਿੱਖ ਕੇ ਰਿਟਾਇਰ ਹੋ ਕੇ ਘਰ ਆਇਆ।

ਬਾਬਿਆਂ ਦਾ ਇਕ ਭਰਾ ਕੀਕਾ ਸੀ। ਉਹ ਆਪਣੀ ਅੰਨ੍ਹੀ ਮਾਂ ਨਾਲ ਰੋਟੀ ਟੁੱਕ ਪਕਾਉਂਦਾ,ਘਰਦੇ ਔਰਤਾਂ ਵਾਲੇ ਕੰਮ ਕਰਦਾ 'ਚੌਕੇ ਚੁਲ੍ਹੇ' ਜੋਗਾ ਹੀ ਰਹਿ ਗਿਆ। ਉਹ ਖੇਤੀ ਦੇ ਭਾਰੇ ਕੰਮਾਂ ਤੋਂ ਵੀ ਖੁੰਝ ਗਿਆ ਤੇ ਵਿਆਹ ਤੋਂ ਵੀ ਵਾਂਝਾ ਰਹਿ ਗਿਆ। ਮਾਂ ਦੀ ਮੌਤ ਤੋਂ ਬਾਅਦ ਭਰਾਵਾਂ ਨੇ ਬਾਬੇ ਕੀਕੇ ਨੂੰ ਅੱਡ ਕਰ ਦਿੱਤਾ। ਸਿਰਫ ਰੋਟੀ ਟੁੱਕ ਪਕਾਉਣ ਜੋਗਾ, ਦੁਨੀਆਂ ਦਾਰੀ ਤੋਂ ਅਣਭੋਲ ਬਾਬਾ ਕੀਕਾ ਵਾਹੀ ਲਈ ਦੋ ਬਲਦ ਖ਼ਰੀਦ ਲਿਆਇਆ। ਬਲਦਾਂ ਵਿੱਚ ਉਸ ਨਾਲ ਠੱਗੀ ਵੱਜ ਗਈ। ਬਾਬੇ ਦੇ ਭਰਾਵਾਂ ਨੇ ਅੱਡ ਵਿੱਢ੍ਹ ਭਰਾ ਨੂੰ..... 'ਸਾਲਾ ਜਨਾਨੜਾ,ਏਹਨੂੰ ਬੰਦਿਆਂ ਆਲੇ਼ ਕੰਮਾਂ ਦਾ ਕੀ ਪਤੈ' ਆਖ ਆਖ ਕੇ ਤੰਗ ਪ੍ਰੇਸ਼ਾਨ ਕੀਤਾ।

ਸ਼ਰੀਕ ਭਰਾਵਾਂ ਦੀਆਂ ਗਾਹਲਾਂ, ਤਾਹਨੇ, ਮਿਹਣਿਆਂ ਤੋਂ ਤੰਗ ਆ ਕੇ ਬਾਬੇ ਕੀਕੇ ਨੇ ਖੁਦਕੁਸ਼ੀ ਕਰ ਲਈ। ਘਰ ਦੀ ਲਟੈਣ ਨਾਲ ਰੱਸਾ ਪਾ ਕੇ ਫਾਹਾ ਲੈ ਲਿਆ।

ਬਾਕੀ ਬਚ ਗਏ ਤਿੰਨ ਭਰਾ..... ਮੇਰੇ ਤਿੰਨ ਬਾਬੇ। ਸੂਬੇਦਾਰ ਬੱਗਾ ਸਿੰਘ ਉਰਫ ਸਾਡਾ ਵੱਡਾ ਬਾਬਾ। ਅਮਰੀਕ ਸਿੰਘ ਉਰਫ ਮਰੀਕਾ ਸਿੱਖ ਉਰਫ਼ ਸਾਡਾ ਬਾਬਾ ਸਿੱਖ। ਕਰਤਾਰ ਸਿੰਘ ਉਰਫ ਕਰਤਾਰਾ ਉਰਫ ਸਾਡਾ ਛੋਟਾ ਬਾਬਾ।

ਆਓ ਮਿਲਾਉਨੇ ਆਂ ਮੇਰੇ ਤਿੰਨ ਬਾਬਿਆਂ ਨੂੰ....!

**ਸੂਬੇਦਾਰ ਬੱਗਾ ਸਿੰਘ ਉਰਫ ਵੱਡਾ ਬਾਬਾ**

ਸੂਬੇਦਾਰ ਬੱਗਾ ਸਿੰਘ ਮੇਰਾ ਸਕਾ ਬਾਬਾ ਹੈ। ਮੇਰੇ ਬਾਪ ਜੋਗਿੰਦਰ ਸਿੰਘ ਦਾ ਬਾਪ। ਉਸ ਜ਼ਮਾਨੇ ਵਿੱਚ ਵੀ ਬਾਬੇ ਦਾ ਸੀਮਤ ਪਰਿਵਾਰ ਸੀ। ਦੋ ਪੁੱਤਰ, ਮੇਰਾ ਬਾਪੂ ਜੋਗਿੰਦਰ ਸਿੰਘ ਅਤੇ ਚਾਚਾ ਆਤਮਾ ਸਿੰਘ। ਇਕ ਧੀ, ਬੀਬੀ ਭੂਆ। ਸਾਡੀ ਦਾਦੀ ਨਿਹਾਲ ਕੌਰ ਬਹੁਤ ਹੀ ਸੁਘੜ-ਸਿਆਣੀ, ਸੁਹਜ-ਸਲੀਕੇ ਵਾਲੀ ਦਾਨੀ-ਬੀਨੀ ਔਰਤ ਸੀ। ਉਹ ਬਾਬੇ ਨਾਲ ਫ਼ੌਜੀ ਛਾਉਣੀਆਂ ਵਿੱਚ ਵੀ ਰਹੀ ਤੇ ਪਿੰਡ ਕਿਸਾਨੀ ਵਾਲੇ ਸੰਯੁਕਤ ਪਰਿਵਾਰ ਵਿੱਚ ਵੀ। ਇਸ ਕਰਕੇ ਉਸ ਨੂੰ ਮੁਲਾਜ਼ਮਾਂ, ਅਫ਼ਸਰਾਂ ਵਾਲਾ ਸਲੀਕਾ ਵੀ ਆਉਂਦਾ ਸੀ ਤੇ ਕਿਸਾਨ ਟੱਬਰਾਂ ਵਾਲਾ ਖੁਲ੍ਹ ਖੁਲਾਸਾ ਤੇ ਧੜੱਲਾ ਵੀ। ਉਹ ਲੁਗ ਲੁਗ ਕਰਦੇ ਫੁਲਕੇ ਵੀ ਸ਼ੌਂਕ ਨਾਲ ਪਕਾਉਂਦੀ ਸੀ ਤੇ ਖੇਤਾਂ ਵਿੱਚ ਕੰਮ ਕਰਦੇ ਕਾਮਿਆਂ ਲਈ ਅੰਨ੍ਹੇਂ ਦੀ ਹਿੱਕ ਵਰਗੀਆਂ ਰੋਟੀਆਂ ਵੀ ਉਸੇ ਮੋਹ ਨਾਲ ਲਾਹੁੰਦੀ ਸੀ। ਬਾਬੇ ਨਾਲ ਅੰਬੋ ਦਾ ਬਹੁਤ ਹੀ ਸੁਹਾਵਣਾ ਸਫ਼ਰ ਰਿਹਾ। ਅਸੀਂ ਉਨ੍ਹਾਂ ਨੂੰ ਕਦੇ ਵੀ ਲੜਦਿਆਂ,ਖਿਝਦੇ-ਤਪਦੇ ਨਹੀਂ ਵੇਖਿਆ ਤੇ ਨਾ ਹੀ ਮਾਂ ਬਾਪ ਤੋਂ ਸੁਣਿਆ ਹੈ। ਮੇਰੀ ਦਾਦੀ ਮੋਹ ਵੰਨੀ ਸ਼ਰੀਫ਼ ਔਰਤ ਸੀ।

ਇਉਂ ਹੀ ਮੇਰਾ ਬਾਬਾ ਭਲਾਮਾਣਸ, ਸ਼ਰੀਫ਼ ਤੇ ਭੋਲਾ ਭਾਲਾ ਇਨਸਾਨ ਸੀ।ਮੇਰੀ ਮਾਂ ਦੱਸਦੀ ਹੁੰਦੀ ਹੈ।

"ਬਾਬਾ ਤੈਨੂੰ ਬਹੁਤ ਮੋਹ ਕਰਦਾ ਸੀ। ਤੂੰ ਨਿੱਕਾ ਹੁੰਦਾ ਬਹੁਤ ਬਿਮਾਰ ਰਹਿੰਦਾ ਸੀ,ਰਿਹਾੜ ਬਹੁਤ ਕਰਦਾ ਸੀ। ਬਾਬਾ ਤੈਨੂੰ ਸਾਰੀ-ਸਾਰੀ ਰਾਤ ਚੱਕੀਂ ਗੇੜੇ ਦੇਈਂ ਜਾਂਦਾ। ਸੁੱਤੇ ਹੋਏ ਨੂੰ ਵੀ ਮੰਜੇ 'ਤੇ ਨਾ ਪਾਉਂਦਾ। ਕਹਿੰਦਾ ਪਾਏ ਤੋਂ ਜਵਾਕ ਜਾਗ ਪਊ।"

ਬੇਬੇ ਦੱਸਦੀ ਹੁੰਦੀ ਹੈ ਕਿ ....!!!

"ਇੱਕ ਵਾਰ ਤੂੰ ਬਿਮਾਰ ਹੋ ਗਿਆ। ਬਾਬਾ ਤੈਨੂੰ ਮੋਢੇ ਚੁੱਕ ਕੇ ਤੁਰ ਕੇ ਸਰਸੇ ਤੋਂ ਦਵਾਈ ਲਿਆਇਆ। ਤਪੇ ਤੋਂ ਸੰਤ ਹਰੀ ਕਿਸ਼ਨ ਤੋਂ ਦਵਾਈਆਂ ਲਿਆ ਕੇ ਦਿੰਦਾ। 'ਕੇਰਾਂ ਤੂੰ ਬਿਮਾਰ। ਬਾਬੇ ਨੇ ਗੋਦੀ ਚੱਕਿਆ ਹੋਇਆ। ਤੂੰ ਰਿਹਾੜ ਕਰਦਾ ਕਹਿੰਦਾ 'ਔਹ ਲਾਸ (ਬਹੁਤ ਵੱਡਾ ਤੇ ਮੋਟਾ ਰੱਸਾ) ਵੀ ਚੱਕ'... । ਬਾਬਾ ਦਸ ਸੇਰ ਪੱਕੀ ਲਾਸ ਮੋਢੇ ਤੇ ਧਰੀਂ ਤੈਨੂੰ ਲੋਰੀਆਂ ਦੇਈਂ ਗਿਆ। ਇਕ ਵਾਰ ਤੂੰ ਘੱਗਰਾ ਹੀ ਚੁਕਾਈ ਰੱਖਿਆਂ ਬਾਬੇ ਨੂੰ...!"

ਮੈਂ ਨਿੱਕਾ ਹੁੰਦਾ ਬਾਬੇ ਨਾਲ ਪੈਂਦਾ ਹੁੰਦਾ ਸੀ। ਸਾਡੇ ਅੰਦਰਲੇ ਘਰੇ 62 ਬਾਲਿਆ ਤੇ ਬਹੁਤ ਵੱਡਾ ਦਰਵਾਜ਼ਾ (ਦਲ੍ਹਾਨ) ਸੀ। ਇਕ ਪਾਸੇ ਉਚਾ ਚੌਂਤਰਾ ਬਣਾ ਕੇ ਪੈਣ ਸੌਣ ਲਈ ਮੰਜੇ ਡਾਹੇ ਹੁੰਦੇ ਸਨ। ਬਾਕੀ ਦਰਵਾਜ਼ੇ ਵਿੱਚ ਪਸ਼ੂ ਬੰਨ੍ਹਦੇ। ਮੈਂ ਬਾਬੇ ਨਾਲ ਪਿਆ ਕਹੀਂ ਜਾਵਾਂ.... ।

"ਐਨੇ ਥਾਂ ਵਿੱਚ ਆਪਣੇ ਨਾਲ ਕਿੰਨੇ ਜਣੇ ਹੋਰ ਪੈ ਜਾਣ ਬਾਬਾ...?"

"ਇੱਕ ਪੈਜੇ...!"
"ਹੁਣ ਕਿੰਨੇ ਪੈ ਜਾਣ...?" ਮੈਂ ਬਾਬੇ ਤੋਂ ਥੋੜ੍ਹਾ ਪਰ੍ਹੇ ਨੂੰ ਸਰਕ ਗਿਆ।
ਬਾਬਾ ਵੀ ਥੋੜ੍ਹਾ ਸਰਕ ਗਿਆ ਤੇ ਬੋਲਿਆ," ਦੋ ਪੈ ਜਾਣ!"
"ਹੁਣ....?"
"ਤਿੰਨ....!"
"ਹੁਣ....?"
" ਚਾਰ...!"
" ਹੁਣ...?" ਸਰਕਦਾ ਸਰਕਦਾ ਮੈਂ ਮੰਜੇ ਤੋਂ ਹੇਠਾਂ ਡਿੱਗ ਪਿਆ।
ਦਰਵਾਜ਼ੇ ਵਿੱਚ ਡੰਗਰ ਬੰਨ੍ਹਦਾ ਮੇਰਾ ਚਾਚਾ ਬੋਲਿਆ, "ਹੁਣ ਤਾਂ ਕਈ ਜਣੇ ਪੈ ਜਾਣ। ਲਾਚੜੇ ਦਾਦਾ ਪੋਤਾ ਕੀ ਲੱਛਣ ਕਰੀਂ ਜਾਂਦੇ ਐ!"
"ਜਵਾਕ ਨੂੰ ਚੱਕ ਲੈ ਭੱਜ ਕੇ,ਹੋਰ ਈ ਭਕਾਈ ਮਾਰੀ ਜਾਨੈਂ...!" ਬਾਬਾ ਚਾਚੇ ਨੂੰ ਭੱਜ ਕੇ ਪਿਆ ਸੀ।

* * * *

ਬਾਬੇ ਦਾ ਸੁਭਾਅ ਬਹੁਤ ਨਰਮ ਸੀ। ਉਹ ਰਹਿਣ-ਸਹਿਣ, ਪਹਿਨਣ ਤੇ ਖਾਣ ਪੀਣ ਦਾ ਸ਼ੁਕੀਨ ਸੀ। ਬਾਬਾ ਥਾਲ਼ੀ ਵਿੱਚ ਧਰ ਕੇ ਰੋਟੀ ਖਾਂਦਾ। ਸ਼ੌਕ ਤੇ ਸਵਾਦ ਨਾਲ ਦੁੱਧ ਚਾਹ ਪੀਂਦਾ। ਮੀਟ ਆਂਡੇ ਵੀ ਖਾਂਦਾ। ਕਦੇ ਕਦੇ ਸ਼ਰਾਬ ਵੀ ਪੀ ਲੈਂਦਾ। ਸਿਆਲਾਂ ਦੇ ਦਿਨਾਂ ਵਿੱਚ ਉਹ ਰੰਮ ਵਿੱਚ ਆਂਡਾ ਫੈਂਟ ਕੇ ਪੀਂਦਾ। ਬਾਬਾ ਨਿੱਤਨੇਮੀ ਵੀ ਸੀ। ਉਹ ਪਾਠ ਹਰ ਰੋਜ ਕਰਦਾ,ਦੋ ਵੇਲੇ। ਆਥਣ ਤੜਕੇ। ਸਵੇਰ ਵੇਲੇ ਬਾਬਾ ਮੂੰਹ ਹਨੇਰੇ ਉਠਦਾ। ਖੱਦਰ ਦਾ ਪਰਨਾ ਤੇ ਕਛਹਿਰਾ ਚੱਕਦਾ। ਲੋਹੇ ਦੇ ਕੁੰਡੇ ਵਾਲੀ ਪਿੱਤਲ ਦੀ ਗੜਵੀ ਪਾਣੀ ਦੀ ਭਰਦਾ। ਬਾਹਰ ਖੇਤਾਂ ਵਿੱਚ ਜੰਗਲ ਪਾਣੀ ਜਾਂਦਾ। ਮੁੜਦਾ ਹੋਇਆ ਖੂਹ ਤੇ ਨਹਾ ਕੇ ਆਉਂਦਾ। ਘਰੇ ਆ ਕੇ ਜਪੁਜੀ ਸਾਹਿਬ ਪੜ੍ਹਦਾ। ਸ਼ਾਮ ਵੇਲੇ ਹੱਥ ਪੈਰ ਸੁੱਚੇ ਕਰਕੇ ਰਹਿਰਾਸ ਕਰਦਾ। ਬਾਬੇ ਨੇ ਅੰਮ੍ਰਿਤ ਨਹੀਂ ਸੀ ਛਕਿਆ ਹੋਇਆ। ਬਹੁਤ ਸਾਰੀ ਗੁਰਬਾਣੀ ਉਸ ਨੂੰ ਅਰਥਾਂ ਸਮੇਤ ਯਾਦ ਸੀ।
ਬਾਬਾ ਕਈ ਛਾਉਣੀਆਂ ਵਿੱਚ ਰਿਹਾ। ਮੇਰੇ ਬਾਪ ਦਾ ਜਨਮ ਰਾਵਲਪਿੰਡੀ ਛਾਉਣੀ ਵਿੱਚ ਹੋਇਆ ਸੀ। ਸੁਣਿਆ ਹੈ ਕਿ ਉਹ ਰਿਟਾਇਰਮੈਂਟ ਬਾਅਦ ਗਵਾਲੀਅਰ ਕਿਸੇ ਮਿੱਲ ਵਿੱਚ

ਸਕਿਉਰਟੀ ਅਫ਼ਸਰ ਵੀ ਰਿਹਾ। ਅਸੀਂ ਕਿੰਨੇ ਨਿਕੰਮੇ ਹਾਂ ਕਿ ਕਦੇ ਵੀ ਗਵਾਲੀਅਰ ਜਾ ਕੇ ਬਾਬੇ ਦੀ ਕਰਮਭੂਮੀ ਉਹ ਮਿੱਲ ਨਹੀਂ ਦੇਖੀ।

ਬਾਬਾ ਜਿੰਨਾ ਸ਼ਰੀਫ਼ ਸੀ ਉਨਾਂ ਦਲੇਰ ਵੀ ਸੀ।

ਦੱਸਦੇ ਹੁੰਦੇ ਨੇ ਇਕ ਵਾਰ ਬਾਬਾ ਮਾਨਸਾ ਤੋਂ ਪਿੰਡ ਨੂੰ ਆ ਰਿਹਾ ਸੀ। ਬਾਬੇ ਦੇ ਪੂਰੀ ਵਰਦੀ ਕਸੀ ਹੋਈ,ਹੇਠ ਘੋੜਾ। ਉਦੋਂ ਮਾਨਸਾ ਤੋਂ ਸਰਦੂਲਗੜ੍ਹ ਨੂੰ ਕੱਚਾ ਰਾਹ ਜਾਂਦਾਂ ਸੀ। ਰਾਹ ਦੇ ਦੋਵੇਂ ਪਾਸੀਂ ਸੱਤ-ਅੱਠ ਫੁੱਟ ਉਚੇ ਬਾਜ਼ਰੇ ਦੇ ਖੇਤ। ਝੁਨੀਰ ਦੇ ਨੇੜੇ ਤੇੜੇ ਬਾਬੇ ਨੂੰ ਡਾਕੂਆਂ ਨੇ ਘੇਰ ਲਿਆ। ਬਾਬੇ ਨੇ ਉਨ੍ਹਾਂ ਨੂੰ ਜਬ੍ਹੇ ਨਾਲ ਜਵਾਬ ਦਿੱਤਾ....।

"ਲੁੱਟਣਾ ਐ ਤਾਂ ਲੁੱਟ ਲਵੋ, ਮਾਰਨਾ ਐ ਤਾਂ ਮਾਰ ਦਿਓ। ਮੈਂ ਖਾਲੀ ਹੱਥ ਹਾਂ ਪਰ ਇਹ ਬਹਾਦਰਾਂ ਵਾਲਾ ਕੰਮ ਨਹੀਂ ਜਿਹੜਾ ਤੁਸੀਂ ਕਰ ਰਹੇ ਹੋ, ਨੇੜੇ ਤੇੜੇ ਦੇ ਪੰਜਾਹ ਪਿੰਡਾਂ ਚੋਂ ਇਕੋ ਇਕ ਫ਼ੌਜੀ ਅਫ਼ਸਰ ਹਾਂ। ਕਦੇ ਮਾੜਾ ਕੰਮ ਨ੍ਹੀਂ ਕੀਤਾ। ਦੇਸ਼ ਵਾਸਤੇ ਲੜਿਆ ਹਾਂ। ਵਰ੍ਹਦੀਆਂ ਗੋਲ਼ੀਆਂ ਵਿੱਚ ਨਹੀਂ ਡਰਿਆ।ਡਰਦਾ ਸੋਡੇ ਤੋਂ ਵੀ ਨਹੀਂ। ਮਿੰਨਤ ਨ੍ਹੀਂ ਕਰਦਾ। ਜ਼ਿੰਦਗੀ ਦੀ ਭੀਖ ਨ੍ਹੀਂ ਮੰਗਦਾ। ਅੱਗੇ ਸੋਡੀ ਮਰਜ਼ੀ...!"

ਡਾਕੂ ਖਾਮੋਸ਼। ਕਹਿੰਦੇ...'ਜਾਹ....!' ਡਾਕੂਆਂ ਦਾ ਸਰਦਾਰ ਦਸ ਕੋਹ ਬਾਬੇ ਨਾਲ ਗੱਲਾਂ ਮਾਰਦਾ ਆਇਆ।

ਜੰਗਾਂ ਦਾ ਲੜਾਕਾ, ਵੈਰੀਆਂ ਤੇ ਗੋਲੀਆਂ ਦਾਗਣ ਵਾਲਾ, ਡਾਕੂਆਂ ਤੋਂ ਵੀ ਨਾ ਝਿੱਫਣ ਵਾਲਾ ਬਾਬਾ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨਾਲ ਲੜਦਾ ਆਮ ਆਦਮੀ ਵਾਂਗ ਪ੍ਰੇਸ਼ਾਨ ਵੀ ਹੋ ਜਾਂਦਾ ਸੀ।

ਦੱਸਣ ਵਾਲੇ ਦੱਸਦੇ ਹਨ ਕਿ ਬਾਬੇ ਨੇ ਆਵਦੇ ਦੋਵਾਂ ਪੁੱਤਰਾਂ ਦਾ ਵਿਆਹ ਰੱਖਿਆ ਹੋਇਆ ਸੀ। ਬਾਬਾ ਸਰਸੇ ਤੋਂ ਸਿਰ ਤੇ ਸੌਦਾ ਪੱਤਾ ਚੁੱਕੀ ਪੈਦਲ ਹੀ ਆ ਰਿਹਾ ਸੀ। ਗਰਮੀ ਦੀ ਰੁੱਤ, ਤਪਦੇ ਟਿੱਬੇ, ਸਿਰ ਤੇ ਭਾਰ। ਸੋਹਲ ਬਾਬਾ ਮਰਨ ਆਲ਼ਾ ਹੋਇਆ ਆਵੇ। ਰਸਤੇ ਚ ਉਹਦਾ ਘਰਾਂ ਚੋਂ ਲੱਗਦਾ ਚਾਚਾ ਟੱਕਰ ਗਿਆ। ਕਹਿਣ ਲੱਗਾ!

"ਕਿਹੜਾ, ਬੱਗਾ ਸਿਓਂ ਐ,ਕਿਮੇਂ ਫੌਜੀ ਟੱਟੂ ਆਂਗੂੰ ਰੇਵੀਏ ਚਾਲ ਪਿਆ ਜਾਨੈਂ....?"

ਬੌਂਦਲਿਆ ਬਾਬਾ ਟਿੱਚਰ ਤੇ ਖਿੱਝ ਗਿਆ।

"ਕਰ ਲੈ ਝਰੇਡਾਂ ਚਾਚਾ ਬੁੱਘਿਆ... ਮੇਰੇ ਤੇ ਵਖਤ ਪਿਐ।"

ਬੁੱਘੇ ਬੁੜ੍ਹੇ ਨੇ ਕੰਨ ਚੁੱਕ ਲਏ, ਸੋਚਿਆ 'ਹੈਂ ਆਹ ਕੀ..?' ਫਿਰ ਝਿੜਕਣ ਵਾਲਿਆਂ ਵਾਂਗ ਬੋਲਿਆ....!

"ਹੇਖਾਂ ਮਾਂ ਯਹਾਵਾ, ਗੱਲਾਂ ਕੇਹੋ ਜੀਆਂ ਕਰਦੈ! ਅੱਜ ਦੇ ਜ਼ਮਾਨੇ ਚ ਮੁੱਲ ਦੇ ਸਾਕ ਨ੍ਹੀਂ ਹੁੰਦੇ, ਤੇਰੇ ਦੋ ਮੁੰਡਿਆਂ ਨੂੰ ਘੋੜੀਆਂ ਜੋੜੀਆਂ ਨਾਲ ਸਾਕ ਹੋਏ ਨੇ....ਅਜੇ ਤੇਰੇ ਤੇ ਵਖਤ ਪਿਐ,ਸੌਹਰਾ ਗੋਰਾ ਬਲਦ...!"

ਮੇਰਾ ਬਾਬਾ ਰੰਗ ਦਾ ਗੋਰਾ,ਛੇ ਫੁੱਟ ਤੋਂ ਰਤਾ ਵੱਧ, ਦਰਸ਼ਨੀ ਜਵਾਨ ਸੀ। ਫ਼ੌਜ ਤੇ ਕਿਸਾਨੀ ਕਿੱਤੇ ਦਾ ਕਮਾਇਆ ਕਸਰਤੀ ਜੁੱਸਾ। ਚਿਣ ਚਿਣ ਕੇ ਬੰਨ੍ਹੀ ਪੱਗ,ਡੋਰੀ ਪਾ ਕੇ ਚੜ੍ਹਾਈ ਦਾੜ੍ਹੀ। ਧੋਤੇ ਸਮਾਰੇ ਕੱਪੜੇ ਪਾ ਕੇ ਰੱਖਦਾ ਬਾਬਾ....।

* * * *

ਇਕ ਵਾਰ ਸਾਡੇ ਬਾਬਿਆਂ ਦੀ ਸਕੇ ਚਾਚੇ ਦੇ ਪੁੱਤਰਾਂ ਨਾਲ ਲੜਾਈ ਹੋ ਗਈ। ਕੜੀਆਂ ਵਰਗੇ ਚਾਰ ਪੰਜ ਭਰਾ ਉਹ। ਚਾਰ ਪੰਜ ਬਾਬੇ ਹੋਰੇ ਚਾਚੇ-ਭਤੀਜੇ। ਡਾਂਗਾਂ ਸੋਟੇ ਕਿਰਪਾਨਾਂ ਚੱਲੀਆਂ। ਸੱਟਾਂ ਵੱਜੀਆਂ, ਲੱਤਾਂ ਬਾਹਾਂ ਟੁੱਟੀਆਂ,ਸਿਰ ਪਾਟੇ। ਪਿੰਡ ਦੇ ਚੌਧਰੀਆਂ ਨੇ ਬਾਬੇ ਹੋਰਾਂ ਤੇ ਕੇਸ ਬਣਾ ਦਿੱਤਾ। ਤਿੰਨ ਸੌ ਤੇਈ,ਚੌਵੀ,ਛੱਬੀ ਦੇ ਨਾਲ ਤਿੰਨ ਸੌ ਸੱਤ ਵੀ ਲੱਗ ਗਈ। ਸ਼ਰੀਕਾਂ ਨੇ ਛੁੱਟੀ ਆਏ ਬਾਬੇ ਬੱਗਾ ਸਿੰਘ ਦਾ ਨਾਮ ਵੀ ਲਿਖਾ ਦਿੱਤਾ। ਬਾਬਾ ਆਪ ਹੀ ਪਾ ਕੇ ਵਰਦੀ, ਛਾਤੀ ਤੇ ਲਾ ਕੇ ਤਮਗੇ-ਮੈਡਲ ਥਾਣੇ ਵਿੱਚ ਜਾ ਵੜਿਆ। ਥਾਣੇਦਾਰ ਨੂੰ ਠਾਹ ਸਲੂਟ ਠੋਕ ਕੇ ਕੁਰਸੀ ਤੇ ਬੈਠ ਗਿਆ ਤੇ ਪੂਰੇ ਗੜ੍ਹਕੇ ਨਾਲ ਬੋਲਿਆ....।

"ਮੈਂ ਸੂਬੇਦਾਰ ਬੱਗਾ ਸਿੰਘ, ਮੇਰੇ ਭਰਾਵਾਂ ਦੀ ਸ਼ਰੀਕਾਂ ਨਾਲ ਲੜਾਈ ਹੋ ਗਈ। ਲੜਾਈ ਵੇਲੇ ਮੈਂ ਘਰ ਨਹੀਂ ਸੀ,ਜੇ ਹੁੰਦਾ ਲੜਨ ਨਹੀਂ ਸੀ ਦਿੰਦਾ। ਸੁਣਿਐ ਪਰਚੇ ਚ ਮੇਰਾ ਨਾਮ ਵੀ ਐ। ਤੁਸੀਂ ਪੜਤਾਲ ਕਰ ਲੋ,ਜੇ ਤਾਂ ਮੈਂ ਹੋਇਆ ਲੜਾਈ ਦੇ ਵਿੱਚ ਤਾਂ ਹੁਣੇ ਹਵਾਲਾਟ ਚ ਠੋਕ ਦਿਓ। ਨਿਰਦੋਸ਼ ਮੈਂ ਜੇਲ੍ਹ ਨ੍ਹੀਂ ਜਾਂਦਾ।"

"ਸੂਬੇਦਾਰ ਸਾਹਬ ਮੈਨੂੰ ਪਤੈ, ਤੁਸੀਂ ਲੜਾਈ ਚ ਨਹੀਂ ਸੀ। ਬੇਫ਼ਿਕਰ ਰਹੋ, ਰਾਜ਼ੀਨਾਮਾ ਕਰਾਊਂ।"

ਬਾਬੇ ਵਿੱਚ ਗਟਸ ਤੇ ਸ਼ਰਾਫਤ ਬਰਾਬਰ ਮਾਤਰਾ ਵਿੱਚ ਭਰੇ ਸਨ। ਜਿੱਥੇ ਉਹ ਜੰਗ ਦੇ ਮੈਦਾਨ ਵਿੱਚ, ਝੂਠ ਦੇ ਖ਼ਿਲਾਫ਼, ਬੇਈਮਾਨੀ ਜਾਂ ਹੇਰਾਫੇਰੀ ਵਿਰੁੱਧ ਧੜੱਲੇ ਨਾਲ ਲੜਦਾ ਉਥੇ ਹੀ ਨਿੱਕੀ ਜਿੰਨੀ ਗੱਲ ਤੇ ਫੋੜੇ ਵਾਂਗੂੰ ਫਿੱਸ ਜਾਂਦਾ।

ਬਾਬੇ ਇੰਦਰ ਦਾ ਛੋਟਾ ਮੁੰਡਾ 'ਛੋਟਾ' ਸਾਡੇ ਨਾਲ ਸੀਰੀ ਸੀ। ਉਹੀ ਦੱਸਦਾ ਹੁੰਦੈ....।

"ਭਾਈ ਪਾਲ ਮੈਂ ਨਰਮ ਜਿਆ ਲਵਾ ਜਿਆ ਮੁੰਡਾ ਖੁੰਡਾ ਹੁੰਦਾ ਸੀ। ਮੈਂ ਸੋਡੇ ਨਾਲ ਸੀਰੀ ਸੀ। ਇਕ ਦਿਨ ਅਸੀਂ ਵੱਟਾਂ ਪਾਉਂਦੇ ਸੀ। ਡਲਿਆਂ ਵਾਲਾ ਵਾਹਣ। ਤੇਰਾ ਬਾਬਾ ਕਰਤਾਰਾ

ਜਿੰਦਰਾ ਦੱਬੇ, ਮੈਂ ਖਿੱਚਾਂ। ਉਹ ਕਿਸੇ ਡਲ਼ੇ ਵਿੱਚ ਅੜਾ ਕੇ ਪੂਰਾ ਦੱਬ ਦਿਆ ਕਰੇ। ਆਥਣ ਤੱਕ ਮੇਰਾ ਪਨੀਰ ਕੱਢ ਦਿੱਤਾ। ਮੇਰੇ ਦੋਵੇਂ ਹੱਥਾਂ ਤੇ ਛਾਲੇ ਪੈ ਗਏ। ਘਰੇ ਆ ਕੇ ਮੈਂ ਦੋਵੇਂ ਹੱਥ ਸੂਬੇਦਾਰ ਦੇ ਅੱਗੇ ਕਰ ਦਿੱਤੇ।"

ਸੂਬੇਦਾਰ ਰੋਣਹਾਕਾ ਹੋ ਗਿਆ। ਕਰਤਾਰੇ ਨੂੰ ਕਹਿੰਦਾ...!

"ਓਏ ਕਰਤਾਰਿਆ ਕਸਾਈਆ, ਤੇਰੇ ਪੈਣ ਕੀੜੇ। ਮਾਰਨਾ ਐ ਓਏ ਜਵਾਕ। ਏਹ ਕਿਸੇ ਦਾ ਧੀ ਪੁੱਤ ਨ੍ਹੀਂ। ਜੇ ਅੱਗੇ ਤੋਂ ਤੰਗ ਕੀਤਾ ਤਾਂ ਮੈਥੋਂ ਬੁਰਾ ਕੋਈ ਨ੍ਹੀਂ।"

ਛੋਟਾ ਦੱਸਦਾ ਹੁੰਦੈ ਕਿ 'ਮੇਰੇ ਹੱਥਾਂ ਦਾ ਦਰਦ ਹਟ ਗਿਆ, ਸੂਬੇਦਾਰ ਦਰਵੇਸ਼ ਬੰਦਾ ਸੀ।'

ਫ਼ੌਜ ਚੋਂ ਆ ਕੇ ਬਾਬੇ ਨੇ ਕਬੀਲਦਾਰੀ ਦੀ ਕਿੱਲੀ ਬਾਪੂ ਨੂੰ ਫੜਾ ਦਿੱਤੀ। ਉਹ ਪੰਜ ਕਰੇ ਪੰਜਾਹ ਕਰੇ। ਬਾਬੇ ਦਾ ਜੀਅ ਕਰਦਾ ਤਾਂ ਕੰਮ ਕਰ ਲੈਂਦਾ, ਨਾ ਜੀਅ ਕਰਦਾ ਵਿਹਲਾ ਰਹਿੰਦਾ। ਸਾਫ ਸੁਥਰੇ ਕੱਪੜੇ ਪਾ ਕੇ ਰੱਖਦਾ। ਉਹ ਜਦੋਂ ਸਰਸੇ ਤੋਂ ਪੈਨਸ਼ਨ ਲੈ ਕੇ ਆਉਂਦਾ,ਘਰ ਦੇ ਸੌਦੇ ਪੱਤੇ ਨਾਲ ਖਾਣ ਲਈ ਚੀਜ਼ਾਂ ਵੀ ਜ਼ਰੂਰ ਲਿਆਉਂਦਾ। ਜਿੱਦਣ ਬਾਬਾ ਪੈਨਸ਼ਨ ਲੈਣ ਗਿਆ ਹੁੰਦਾ ਤਾਂ ਅਸੀਂ ਜਵਾਕ ਬਹਾਉਦੀ ਵਾਲੇ ਰਾਹ ਤੇ ਗੇੜੇ ਮਾਰਦੇ ਬਾਬੇ ਨੂੰ ਉਡੀਕਦੇ ਰਹਿੰਦੇ। ਬਾਬਾ ਜਦੋਂ ਵੱਡੇ ਟਿੱਬਿਆਂ ਦੇ ਓਹਲਿਓਂ ਨਿਕਲਦਾ ਦਿੱਸਦਾ ਅਸੀਂ ਬਾਬੇ ਵੱਲ ਸ਼ੂਟ ਵੱਟ ਲੈਂਦੇ। ਬਾਬਾ ਸਾਨੂੰ ਉਥੇ ਹੀ ਰਿਉੜੀਆਂ, ਖਿੱਲਾਂ, ਪਤਾਸੇ ਖਾਣ ਨੂੰ ਦੇ ਦਿੰਦਾ। ਅਸੀਂ ਬਾਬੇ ਦੀ ਲਿਆਂਦੀ ਚੀਜ਼ੀ ਪਚਾਕੇ ਮਾਰ ਮਾਰ ਖਾਂਦੇ।

ਬਾਬੇ ਨੂੰ ਖਾਣ ਦਾ ਸ਼ੌਕ ਸੀ। ਜਦੋਂ ਕਦੇ ਮਹੀਨੇ ਦੋ ਮਹੀਨਿਆਂ ਤੋਂ ਘਰੇ ਮੀਟ ਬਣਦਾ, ਬਾਬਾ ਆਪ ਰਿੰਨ੍ਹਦਾ। ਟੱਬਰ ਵੱਡਾ ਸੀ, ਸਾਰਿਆਂ ਨੂੰ ਕੌਲੀਆਂ ਬਾਟੀਆਂ ਵਿੱਚ ਪਾ ਪਾ ਕੇ ਦਿੰਦਾ। ਆਪ ਉਹ ਨਾ ਕਿਸੇ ਦਾ ਜੂਠਾ ਖਾਂਦਾ ਸੀ ਨਾ ਕਿਸੇ ਨੂੰ ਖਵਾਉਂਦਾ ਸੀ।

ਸਾਡਾ ਸੀਰੀ ਰਿਹਾ ਛੋਟਾ ਹੀ ਹੋਰ ਦੱਸਦਾ ਹੁੰਦੈ।

"ਤੇਰਾ ਬਾਬਾ ਆਥਣੇ ਪਾਠ ਕਰਕੇ ਰੋਟੀ ਖਾਂਦਾ ਸੀ। ਸੋਡੇ ਬਾਹਰਲੇ ਘਰੇ ਪੈਂਦਾ ਹੁੰਦਾ ਸੀ। ਉਹ ਦੁੱਧ ਦੀ ਗੜਵੀ ਲੈ ਕੇ ਬਾਹਰਲੇ ਘਰੇ ਜਾਂਦਾ। ਸੌਣ ਤੋਂ ਪਹਿਲਾਂ ਕੋਸਾ ਕੋਸਾ ਦੁੱਧ, ਘੁੱਟਾਂ ਬਾਟੀ ਸਵਾਦ ਲੈ ਲੈ ਕੇ ਪੀਂਦਾ। ਇਕ ਦਿਨ ਭਾਈ ਸੂਬੇਦਾਰ ਨੂੰ ਦੁੱਧ ਫੜਾਉਂਦੇ ਸੋਡੇ ਘਰ ਦੇ ਕਿਸੇ ਜੀਅ ਨੇ ਗੜਵੀ ਚੋਂ ਦੁੱਧ ਦੀਆਂ ਦੋ ਤਿੰਨ ਘੁੱਟਾਂ ਭਰ ਲਈਆਂ। ਰੋਟੀ ਪਵਾਉਂਦੇ ਨੇ ਮੈਂ ਵੇਖ ਲਿਆ। ਵੇਖ ਸੂਬੇਦਾਰ ਨੇ ਵੀ ਲਿਆ। ਸੂਬੇਦਾਰ ਨੇ ਦੁੱਧ ਵਾਲੀ ਗੜਵੀ ਫੜੀ ਤੇ ਘਰੇ ਹੀ ਜਵਾਕਾਂ ਨੂੰ ਪਿਆ ਦਿੱਤਾ ਦੁੱਧ। ਆਪ ਬਾਹਰਲੇ ਘਰ ਨੂੰ ਆ ਗਿਆ। ਮੈਂ ਵੀ ਆਵਦੀ ਰੋਟੀ ਪਵਾ ਕੇ,ਡੋਲੂ ਵਿੱਚ ਦੁੱਧ ਪਵਾ ਕੇ ਉਸ ਦੇ ਪਿੱਛੇ ਪਿੱਛੇ ਤੁਰਿਆ ਆਇਆ। ਉਹ ਮੰਜੇ

ਤੇ ਬੈਠਾ ਰੋਈ ਜਾਵੇ। ਮੈਂ ਉਹਨੂੰ ਚੁੱਪ ਕਰਾਇਆ ਤੇ ਆਵਦੇ ਵਾਲਾ ਦੁੱਧ ਪਿਆ ਕੇ ਹਟਿਆ। ਦੁੱਧ ਪੀ ਕੇ ਉਸ ਮੈਨੂੰ ਬੁੱਕਲ਼ ਵਿੱਚ ਲੈ ਲਿਆ ਫਿਰ ਉਚੀਂ ਉਚੀਂ ਰੋਣ ਲੱਗ ਪਿਆ।"
ਛੋਟਾ ਇਹ ਦੱਸਦਾ ਭਾਵੁਕ ਹੋ ਜਾਂਦਾ ਹੈ।

• * * *

ਸਾਲ ਉਨੀਂ ਸੌ ਬਹੱਤਰ ਸੀ ਤੇ ਮਹੀਨਾ ਦਸੰਬਰ ਦਾ। ਮੈਂ ਉਦੋਂ ਨੌਵੀਂ ਵਿੱਚ ਪੜ੍ਹਦਾ ਸੀ ਤੇ ਮਾਸੀ ਦੇ ਪਿੰਡ ਭੂੰਦੜ ਰਹਿੰਦਾ ਸਾਂ। ਮੇਰਾ ਚਾਚਾ,ਅੰਬੋ ਤੇ ਹੋਰ ਨਿੱਕੇ ਜਵਾਕ ਭਾਗੀਵਾਂਦਰ ਵਿਆਹ ਜਾ ਕੇ ਆਏ ਸਨ। ਸਰਦੀ ਦਾ ਪਿੱਛਲਾ ਪਹਿਰ ਸੀ ਅੰਬੋ ਨੇ ਬਾਟੀ ਚ ਪਾ ਕੇ ਬਾਬੇ ਨੂੰ ਲੱਡੂ ਜਲੇਬੀਆਂ ਦੇ ਦਿੱਤੀਆਂ। ਬਾਬੇ ਨੇ ਜਲੇਬੀ ਦੀ ਇਕ ਫਾਂਕ ਲਈ ਤੇ ਕਹਿੰਦਾ।
"ਆ ਕੇ ਖਾਊਂ। ਸ਼ਿਆਮੇ ਦੇ ਮੁੰਡੇ ਦਾ ਮੰਗਣੈ, ਉਨ੍ਹਾਂ ਦੇ ਸ਼ਗਨ ਦੇ ਆਵਾਂ।"
ਸ਼ਿਆਮੇ ਕਿਆਂ ਨਾਲ ਮੇਰੇ ਬਾਪੂ ਦੀ ਬਣਦੀ ਨਹੀਂ ਸੀ। ਉਨ੍ਹਾਂ ਮੁੰਡੇ ਦੇ ਮੰਗਣੇ ਦਾ ਸੱਦਾ ਸਾਡੇ ਘਰ ਨਹੀਂ ਦਿੱਤਾ ਸੀ। ਬਾਬਾ ਫਿਰ ਵੀ ਗਿਆ,ਪੰਜ ਰੁਪਏ ਸ਼ਗਨ ਦਿੱਤਾ, ਜਦੋਂ ਲੋਕ ਰੁਪਈਆ ਮਸਾਂ ਦਿੰਦੇ ਸਨ। ਸ਼ਿਆਮੇ ਕਿਆਂ ਨੇ ਮੰਗਣੇ ਤੇ ਪਤਾਸੇ ਵੰਡੇ ਸਨ। ਪਹਿਲਾਂ ਲੋਕ ਸ਼ੱਕਰ ਹੀ ਦਿੰਦੇ ਸਨ। ਉਨ੍ਹਾਂ ਖ਼ਾਕੀ ਲਿਫਾਫਿਆਂ ਵਿੱਚ ਬੁੱਕ ਬੁੱਕ ਪਤਾਸੇ ਪਾ ਕੇ ਟੋਕਰੇ ਭਰ ਕੇ ਬਾਹਰਲੇ ਦਰਵਾਜ਼ੇ ਵਿੱਚ ਰੱਖੇ ਹੋਏ ਸਨ। ਮੁੜਨ ਵੇਲੇ ਹਰੇਕ ਨੂੰ ਇਕ ਲਿਫ਼ਾਫ਼ਾ ਦੇ ਦਿੰਦੇ। ਬਾਬੇ ਨੂੰ ਸ਼ਿਆਮੇ ਨੇ ਆਪ ਦੋ ਲਿਫ਼ਾਫ਼ੇ ਦਿੱਤੇ।
"ਤੂੰ ਮੇਰਾ ਸੂਬੇਦਾਰ ਤਾਇਆ ਐਂ, ਤੂੰ ਦੋ ਲੈ...!"
ਬਾਬਾ ਉਨ੍ਹਾਂ ਦੇ ਘਰੋਂ ਨਿਕਲਣਸਾਰ ਨਿਆਣਿਆਂ ਨੂੰ ਇੱਕ ਇੱਕ,ਦੋ ਦੋ ਪਤਾਸੇ ਵੰਡਦਾ ਆਇਆ। ਘਰ ਆ ਉਸ ਲੱਤ ਤੇ ਲੱਤ ਧਰ ਮੰਜੇ ਤੇ ਪੈਂਦਿਆਂ ਪੁੱਛਿਆ.....!
"ਕੌਣ ਕੌਣ ਆਇਆ ਸੀ ਵਿਆਹ ਚ ਭਾਗੀਵਾਂਦਰ....?"
ਅੰਬੋ ਅਜੇ ਦੱਸਣ ਹੀ ਲੱਗੀ ਸੀ ਕਿ ਬਾਬੇ ਦੇ ਸਾਂਹ ਨੇ ਦੋ ਵਾਰ ਘਰੜ ਘਰੜ ਕੀਤਾ। ਜਦੋਂ ਅੰਬੋ ਨੇ ਨੇੜੇ ਹੋ ਕੇ ਵੇਖਿਆ ਤਾਂ ਬਾਬਾ..... ਬਾਬਾ ਤਾਂ ਚਲਿਆ ਗਿਆ ਸੀ, ਬਹੁਤ ਦੂਰ।
ਬਾਬੇ ਦੇ ਸੱਥਰ ਤੇ ਲੋਕ ਗੱਲਾਂ ਕਰਦੇ....!
"ਬਈ ਬੜਾ ਦਰਵੇਸ਼ ਬੰਦਾ ਸੀ ਸੂਬੇਦਾਰ...!"
"ਭਲਾਮਾਣਸ, ਸ਼ਰੀਫ਼,ਮੋਹਖੋਰਾ,ਆਣ ਇੱਜ਼ਤ ਦਾ ਸੀਰੀ ਸੀ ਬੱਗਾ ਸਿਓਂ...!"
"ਬੜੀ ਸੋਹਣੀ ਜ਼ਿੰਦਗੀ ਜਿਓਂ ਕੇ ਗਿਐ ਸੂਬੇਦਾਰ....!"
"ਬੱਗਾ ਸਿਓਂ ਤਾਂ ਦੇਵਤਾ ਪੁਰਸ਼ ਸੀ ਭਾਈ, ਦੇਵਤਿਆਂ ਵਾਲ਼ੀ ਹੀ ਮੌਤ ਆਈ ਐ ਓਸ ਨੂੰ....!"

"ਜਾਂਦੇ ਰਾਹੀਆਂ ਨਾਲ਼ ਰਲ਼ ਗਿਆ ਓਹ ਤਾਂ.....!"

ਸੱਚ ਮੁੱਚ ਹੀ ਬਾਬਾ ਜਾਂਦੇ ਰਾਹੀਆਂ ਨਾਲ਼ ਰਲ਼ ਗਿਆ, ਬਹੁਤ ਸਾਰੀਆਂ ਪੈੜਾਂ ਛੱਡ ਕੇ। ਜਿਨ੍ਹਾਂ ਨੂੰ ਸਿਰਫ ਸਾਡਾ ਟੱਬਰ ਹੀ ਯਾਦ ਨਹੀਂ ਕਰਦਾ, ਪਿੰਡ ਦੇ ਲੋਕ ਵੀ ਯਾਦ ਕਰ ਲੈਂਦੇ ਹਨ।

"ਸੂਬੇਦਾਰ ਬੱਗਾ ਸਿਓਂ ਸੱਚ ਮੁੱਚ ਹੀ ਸ਼ੇਰ ਬੱਗਾ ਸਿਓਂ ਸੀ.....!!!"

• * * *

## ਅਮਰੀਕ ਸਿੰਘ ਉਰਫ ਮਰੀਕਾ ਸਿੱਖ ਉਰਫ਼ ਸਿੱਖ ਬਾਬਾ

ਬਾਬਾ ਅਮਰੀਕ ਸਿੰਘ ਆਪਣੇ ਭਾਈਆਂ ਚੋਂ ਤੀਜਾ ਤੇ ਮੇਰੇ ਬਾਬੇ ਬੱਗਾ ਸਿੰਘ ਦੀ ਪਿੱਠ ਪਿੱਛਲਾ ਭਰਾ ਸੀ। ਦੋਵੇਂ ਵੱਡੇ ਭਰਾ ਫ਼ੌਜ ਵਿੱਚ ਭਰਤੀ ਹੋ ਜਾਣ ਕਰਕੇ ਕੰਮ ਦਾ ਸਾਰਾ ਭਾਰ ਮਰੀਕੇ ਤੇ ਪੈ ਗਿਆ। ਖੇਤੀ ਦੀ ਦਾਬ ਹੇਠ ਆਏ ਬਾਬੇ ਨੂੰ ਖੁੱਲ੍ਹਾ ਦੁੱਧ ਘਿਓ ਖਾਣ ਨੂੰ ਮਿਲਦਾ। ਬਾਬਾ ਮਰੀਕਾ ਦਿਨਾਂ ਵਿੱਚ ਹੀ ਗੱਭਰੂ ਹੋ ਗਿਆ।ਕੰਮ ਤੇ ਖ਼ੁਰਾਕ ਦੇ ਜ਼ੋਰ ਨਾਲ ਉਹ ਉਚਾ ਲੰਬਾ ਜ਼ਬਰਦਸਤ ਗੱਭਰੂ ਨਿੱਕਲ ਆਇਆ। ਕੰਮ,ਕੰਮ, ਸਿਰਫ਼ ਕੰਮ ਨੇ ਉਸ ਨੂੰ ਜਬਦਰ,ਜੜ੍ਹ ਜੱਟ ਬਣਾ ਦਿੱਤਾ। ਛੇ ਫੁੱਟ ਕੱਦ, ਲੰਮੀਆਂ ਲੰਮੀਆਂ ਲੱਤਾਂ ਬਾਹਾਂ, ਇੱਲ੍ਹ ਦੇ ਪੌਂਚਿਆਂ ਵਰਗੇ ਹੱਥ, ਚੱਕੀ ਦੇ ਪੁੜ ਵਰਗੀ ਚੌੜੀ ਛਾਤੀ। ਗੱਭਰੂ ਮਰੀਕਾ ਦਿਓ ਵਰਗਾ ਲੱਗਦਾ। ਉਹ ਜਿਹੜੇ ਪਾਸੇ ਪੈ ਜਾਂਦਾ ਧੂਅ ਕੇ ਲੈ ਜਾਂਦਾ।

ਉਨ੍ਹੀ ਦਿਨੀਂ ਮਾਲਵੇ ਦੇ ਇਨ੍ਹਾਂ ਪਿੰਡਾਂ ਵਿੱਚ ਬਰਾਨੀ ਜ਼ਮੀਨਾਂ ਵਿੱਚ ਖੇਤੀ ਦੇ ਨਾਲ ਲੋਕ ਪਸ਼ੂ ਡੰਗਰ ਵੀ ਪਾਲ਼ਦੇ ਸਨ। ਸ਼ਾਮਲਾਟਾਂ, ਸਾਂਝੀਆਂ ਥਾਵਾਂ,ਬੀੜ,ਝਿੱੜੀਆਂ,ਮੈਰੇ, ਟਿੱਬੇ-ਟਿੱਲੇ-ਢਿੱਪਾਂ, ਬਣ-ਜੰਗਲ-ਬੇਲੇ,ਤੱਲਿਆਂ ਦੇ ਤੱਲੇ ਖੇਤੀ ਤੋਂ ਖਾਲੀ ਪਏ ਹੁੰਦੇ ਸਨ। ਜਿੱਥੇ ਡੰਗਰ ਚਾਰਨ ਲਈ ਬਾਫਰ ਘਾਹ ਮਿਲ ਜਾਂਦਾ। ਪਿੰਡ ਦੇ ਸਾਂਝੇ ਵੱਗ ਛਿੜਦੇ, ਇੱਜੜ ਹੱਕੇ ਜਾਂਦੇ। ਹਰੇਕ ਘਰ ਵਿੱਚ ਇੱਕ ਜਣਾ ਪਸ਼ੂ ਚਾਰਨ ਤੇ ਹੀ ਹੁੰਦਾ। ਬਾਬਾ ਮਰੀਕਾ ਆਪਣੀ ਉਮਰ ਦੇ ਆਰੰਭ ਵਿੱਚ ਪਸ਼ੂਆਂ ਦਾ ਛੇੜੂ ਬਣ ਗਿਆ। ਮੱਝਾਂ, ਗਾਵਾਂ, ਬੱਕਰੀਆਂ, ਕੱਟੀਆਂ, ਵੱਛੀਆਂ,ਵਹਿੜਾਂ, ਝੋਟੀਆਂ ਚਾਰ ਕੇ ਲਿਆਉਂਦਾ। ਖੇਤੀ ਦੇ ਵਿਹਲ ਵਾਲੇ ਦਿਨਾਂ ਵਿੱਚ ਉਹ ਬੋਤੇ,ਬੋਤੀਆਂ, ਬਤਾਰੂ,ਬਲਦ, ਵਹਿੜਕੇ ਵੀ ਚਾਰਨ ਲੈ ਜਾਂਦਾ।

ਇਹ ਪਸ਼ੂ ਚਾਰਨ ਦਾ ਕੰਮ ਇਕੱਲਾ ਘਰ ਨਹੀਂ ਪਿੰਡਾਂ ਦੇ ਪਿੰਡ ਕਰਦੇ ਸਨ। ਆਸੇ ਪਾਸੇ ਮੁਸਲਮਾਨਾਂ ਦੇ ਪਿੰਡ ਹੋਣ ਕਾਰਨ ਮਾਨਖੇੜੇ ਦੇ ਛੇੜੂਆਂ ਦੀ ਹੋਰ ਪਿੰਡਾਂ ਦੇ ਚਰਵਾਹਿਆਂ ਨਾਲ ਲੜਾਈ ਹੁੰਦੀ ਰਹਿੰਦੀ ਸੀ।

ਇਕ ਵਾਰ ਮਾਰਖੁੰਡ ਤੇ ਲੜਾਕੀ ਜਾਤ 'ਓਡਾਂ' ਦੇ ਦਸ ਪੰਦਰਾਂ ਗੱਭਰੂਆਂ ਨੇ ਬਾਬੇ ਮਰੀਕੇ ਨੂੰ ਘੇਰ ਲਿਆ ਤੇ ਪਹਿਲਾਂ ਵਾਰ ਵੀ ਕਰ ਦਿੱਤਾ। 'ਜਬੈ ਬਾਣ ਲਾਗੈ ਤਬੈ ਰੋਸ ਜਾਗੈ'..... ਦੇ ਮਹਾਂਵਾਕ ਅਨੁਸਾਰ ਸੱਟ ਖਾ ਕੇ ਬਾਬੇ ਦਾ ਖ਼ੂਨ ਖੌਲ ਪਿਆ। ਉਸ ਅੰਦਰਲਾ ਰਾਖ਼ਸ਼ ਜਾਗ ਪਿਆ। ਉਸ ਨੇ ਔਹ ਡਾਂਗ ਵਾਹੀ,ਔਹ ਡਾਂਗ ਵਾਹੀ ਓਡਾਂ ਦੇ ਖੱਪਰ ਖੋਲ੍ਹ ਦਿੱਤੇ। ਬਾਂਹਾਂ ਭੰਨ ਦਿੱਤੀਆਂ, ਟੰਗਾਂ ਤੋੜ ਦਿੱਤੀਆਂ। ਓਡ ਡੰਗਰ ਛੱਡ ਕੇ ਭੱਜ ਗਏ। ਬਾਬਾ ਸਾਰਾ ਵੱਗ ਪਿੰਡ ਹੱਕ ਲਿਆਇਆ। ਦੋਵਾਂ ਪਿੰਡਾਂ ਦੀਆਂ ਪੰਚਾਇਤਾਂ ਨੇ ਰਾਜ਼ੀਨਾਮਾ ਕਰਾਇਆ। ਬਹਾਉਦੀ ਪਿੰਡ ਦਾ ਓਡਾਂ ਦਾ ਮੁੱਖੀਆ ਕਹਿੰਦਾ....!

"ਸਾਨੂੰ ਓਹ ਚੋਬਰ ਤਾਂ ਵਿਖਾ ਦਿਓ, ਜੀਹਨੇ ਸਾਡੇ ਦਰਜ਼ਨ ਬੰਦੇ ਕੁੱਟ ਸਿੱਟ ਨੇ....!"

ਨੀਵੀਂ ਪਾਈਂ ਪਰ ਹਿੱਕ ਚੌੜੀ ਕਰੀਂ ਬਾਬਾ ਮਰੀਕਾ ਸਾਹਮਣੇ ਆਇਆ ਤਾਂ ਮੁੱਖੀਏ ਨੇ ਮੁੰਡਾ ਹਿੱਕ ਨਾਲ ਲਾ ਲਿਆ ਤੇ ਇੱਕ ਰੁਪਈਆ ਸ਼ਗਨ ਦੇ ਕੇ ਗਿਆ। ਬਾਬੇ ਦੇ ਚਾਚੇ ਝੰਡਾ ਸਿਓਂ ਨੇ ਖਾਲਸ ਦੇਸੀ ਘਿਓ ਦਾ ਪੀਪਾ ਖੋਲ੍ਹ ਦਿੱਤਾ ਕਹਿੰਦਾ, "ਖਾ ਜਾਹ।"

• * * *

ਬਾਬੇ ਮਰੀਕੇ ਨੂੰ ਟਿੱਬੀ ਪਿੰਡ ਤੋਂ ਸਾਕ ਹੋ ਗਿਆ ਸੀ। ਕਿਸੇ ਨੇ ਸੱਚ ਦੱਸਿਆ ਸੀ ਜਾਂ ਭਾਨੀਮਾਰੀ ਸੀ.....!

"ਮਰੀਕੇ ਦੀ ਮੰਗੇਤਰ ਨੂੰ ਟੀ ਬੀ ਹੈ।"

ਸਾਕ ਛੱਡ ਦਿੱਤਾ। ਫਿਰ ਬਾਬੇ ਨੇ ਸਾਰੀ ਉਮਰ ਰਿਸ਼ਤਾ ਨਾ ਲਿਆ ਜਾਂ ਨਾ ਹੋਇਆ। ਉਹ ਅਣਵਿਆਹਿਆ ਰਹਿ ਗਿਆ ਜਾਂ ਕੰਨੀ ਦੇ ਕਿਆਰੇ ਵਾਂਗ ਸੁੱਕਾ ਰਹਿ ਗਿਆ। ਪਰ ਅੱਜ ਕੱਲ੍ਹ ਦੇ 'ਫਰਸਟੇਟ' ਤੇ ਨਿਰਾਸ਼ਾਵਾਦੀ ਨੌਜਵਾਨਾਂ ਵਾਂਗ ਬਾਬਾ ਡੋਲਿਆ, ਥਿੜਕਿਆ ਨਹੀਂ। ਆਪਣੀ ਜ਼ਿੰਦਗੀ ਨਸ਼ਿਆਂ, ਐਬਾਂ ਦੇ ਲੇਖੇ ਨਹੀਂ ਲਾਈ ਬਲਕਿ ਆਪਣਾ ਆਪਾ ਕੰਮ, ਖੇਤੀ, ਡੰਗਰਾਂ ਵਿੱਚ ਖਪਾ ਲਿਆ।

ਬਾਬੇ ਮਰੀਕੇ ਦੇ ਜਵਾਨੀ ਦੇ ਦਿਨਾਂ ਵਿੱਚ ਸਾਡੇ ਪਿੰਡ ਦੀ ਬਹੁਤੀ ਜ਼ਮੀਨ ਬਰਾਨੀ ਸੀ। ਫ਼ਸਲਾਂ ਮੀਂਹ ਤੇ ਨਿਰਭਰ ਸਨ। ਬੋਹਾ ਮਾਈਨਰ ਦੀ ਖਾਲ਼ ਜਿੱਡੀ ਕੱਸੀ ਦਾ ਪਾਣੀ ਤਾਂ ਸੀ ਪਰ ਪਿੰਡ ਟੇਲਾਂ ਤੇ ਹੋਣ ਕਾਰਨ ਮੁਸ਼ਕਿਲ ਨਾਲ ਹੀ ਪੁੱਜਦਾ ਸੀ। ਲੋਕ ਸੇਂਜੂ ਫ਼ਸਲਾਂ ਲਈ ਦੂਜੇ ਪਿੰਡਾਂ ਤੇ ਨਿਰਭਰ ਸਨ। ਬਾਬੇ ਮਰੀਕੇ ਨੇ ਵੀ ਅੰਗਰੇਜ਼ੀ ਰਾਜ ਦੇ ਪਿੰਡ ਜੋਧਕੇ ਵਿੱਚ ਵਾਹੀ ਜਾ ਕੀਤੀ। ਉਥੇ ਨਹਿਰ ਦਾ ਪਾਣੀ ਲੱਗਦਾ ਸੀ। ਚੌਧਰੀ ਬਾਗੜੀਆਂ ਤੋਂ ਜ਼ਮੀਨ ਹਿੱਸੇ ਠੇਕੇ ਤੇ ਲੈ ਕੇ ਉਥੇ ਕਮਾਦ ਕਣਕ ਬੀਜੇ। ਬਾਬਾ ਤੇ ਹੋਰ ਕਈ ਜਣੇ ਉਥੇ ਹੀ ਖੇਤਾਂ ਵਿੱਚ

ਛੁੰਬੀਆਂ ਪਾ ਕੇ ਰਹਿੰਦੇ। ਆਪ ਰੋਟੀ ਪਕਾਉਂਦੇ, ਫ਼ਸਲਾਂ ਦੇ ਢੇਰ ਲਾਉਂਦੇ। ਬਾਬਾ ਮਰੀਕਾ ਕਣਕ,ਗੁੜ, ਤੂੜੀ ਦੇ ਗੱਡੇ ਭਰ ਭਰ ਤੇ ਉੱਠ ਲੱਦ ਲੱਦ ਘਰੇ ਲਿਆਉਂਦਾ।

ਬਾਬਾ ਮਰੀਕਾ ਕੰਮ ਦਾ ਮਾਹਿਰ ਹੀ ਨਹੀਂ ਲਾਲਚੀ ਵੀ ਸੀ। ਉਹ ਆਪਣੇ ਨਾਲ ਦੇ ਕਾਮਿਆਂ ਦੀ ਜਾਨ ਕੱਢ ਲੈਂਦਾ। ਪੂਰੀ ਸਦੀ ਲੰਘ ਜਾਣ ਬਾਅਦ ਅਜੇ ਵੀ ਸਾਡੇ ਪਿੰਡ ਵਿੱਚ 'ਮਰੀਕੇ ਵਾਲੀ ਪਾਂਤ' ਮਸ਼ਹੂਰ ਹੈ। ਦਿਨ ਢੱਲਦੇ ਸ਼ੁਰੂ ਕੀਤੇ ਕਿਸੇ ਵੱਡੇ ਤੇ ਭਾਰੇ ਕੰਮ ਨੂੰ ਵੇਖ ਕੇ ਹੁਣ ਵੀ ਲੋਕ ਕਹਿ ਦਿੰਦੇ ਹਨ....!!

"ਕਰਲੀ ਸ਼ੁਰੂ ਮਰੀਕੇ ਆਲ਼ੀ ਪਾਂਤ..!"

ਆਪਣੀ ਉਮਰ ਦੇ ਜ਼ੋਰ ਵਾਲ਼ੇ ਦਿਨਾਂ ਵਿੱਚ ਬਾਬਾ ਦਿਨ ਢੱਲ਼ਦੇ ਆਖਰੀ ਪਾਂਤ ਲਾਉਣ ਵੇਲੇ ਲਲਕਰਾ ਮਾਰਦਾ....!

"ਲੈਅ ਬੀ ਮੁੰਡਿਓ ਹੋ ਜੋ ਤਕੜੇ,ਬੱਸ ਆਹੀ ਇੱਕੋ ਪਾਂਤ ਲਾਉਣੀ ਐ, ਫੇਰ ਘਰਾਂ ਨੂੰ ਚੱਲਾਂਗੇ।"

ਬਾਬਾ ਆਪ ਓਸ ਸਿਰੇ ਤੇ ਬੈਠ ਜਾਂਦਾ ਜਿੱਧਰ ਫ਼ਸਲ ਅਜੇ ਵੱਢਣ ਵਾਲ਼ੀ ਖੜ੍ਹੀ ਹੁੰਦੀ। ਓਹ ਸਿੱਧਾ ਓੜੇ ਦੇ ਨਾਲ ਨਾਲ ਨਾ ਚਲਦਾ ਸਗੋਂ ਟੇਢ ਵੱਟ ਲੈਂਦਾ। ਸਾਹਨ ਜਿੰਨੇ ਜ਼ੋਰ ਵਾਲ਼ੇ ਮਰੀਕੇ ਵਿੱਚ ਕੋਈ ਜਿੰਨ ਆ ਜਾਂਦਾ। ਉਹ ਫ਼ਸਲ ਦੇ ਵੱਢ ਵੱਢ ਢੇਰ ਲਾਈਂ ਜਾਂਦਾ। ਆਹੂ ਲਾਹੀਂ ਜਾਂਦਾ। ਲਾਚੜਿਆ ਲਲਕਾਰੇ ਮਾਰੀਂ ਜਾਂਦਾ। ਪਿੱਛੇ ਰਹਿ ਗਏ ਕਾਮੇ ਸਾਥੀਆਂ ਨੂੰ ਚੈਲਿੰਜ ਕਰੀਂ ਜਾਂਦਾ। ਸਾਰੇ ਦਿਨ ਦੇ ਥੱਕੇ ਵਾਢੇ ਪੈਰ ਧੂੰਹਦੇ ਬਾਬੇ ਦੇ ਮਗਰ ਮਗਰ ਚੱਲਣ ਲਈ ਮਜ਼ਬੂਰ ਹੁੰਦੇ। ਵੱਢਣ ਵੇਲੇ ਸ਼ੁਰੂ ਕੀਤੀ ਚਾਰ ਪੰਜ ਕਦਮਾਂ ਦੀ ਪਾਂਤ ਦੂਜੇ ਸਿਰੇ ਤੱਕ ਜਾਦੀ ਅਠਾਰਾਂ ਵੀਹ ਕਦਮਾਂ ਦੀ ਮਰੀਕੇ ਆਲ਼ੀ ਪਾਂਤ ਬਣ ਜਾਂਦੀ।

ਆਪਣੀ ਸੁਰਤ ਸੰਭਾਲਣ ਵੇਲੇ ਮੈਂ ਦੋਹਾਂ ਬਾਬਿਆਂ ਨੂੰ ਸਾਡੇ ਬਾਹਰਲੇ ਘਰ ਅੱਡ-ਵਿੱਢ ਵੇਖਿਆ। ਉਹ ਆਪ ਰੋਟੀ ਪਕਾਉਂਦੇ। ਆਪ ਖੇਤੀ ਕਰਦੇ। ਬਾਬਾ ਕਰਤਾਰਾ ਖੇਤ ਜਾਂਦਾ। ਬਾਬਾ ਸਿੱਖ ਉਹਦੀ ਤੇ ਆਪਣੀ ਰੋਟੀ ਪਕਾ ਕੇ ਲਿਜਾਂਦਾ। ਉਨ੍ਹਾਂ ਦੇ ਅੰਤਾਂ ਦੀ ਫ਼ਸਲ ਹੁੰਦੀ। ਹੱਥਣੀਆਂ ਵਰਗੀਆਂ ਮੱਝਾਂ ਹੁੰਦੀਆਂ। ਕੋਤਲ ਘੋੜਿਆਂ ਵਰਗੇ ਬਲਦਾਂ ਦੀ ਜੋੜੀ ਹੁੰਦੀ। ਬਾਬੇ ਦਾ ਟੁੱਟਿਆਂ ਜਿਆ ਟਰੰਕ ਘਿਓ, ਮੱਖਣ,ਗੁੜ, ਖੰਡ ਨਾਲ ਭਰਿਆ ਰਹਿੰਦਾ। ਬਾਬਾ ਘਿਓ ਨਿਤਾਰ ਕੇ ਝਰੇਤੂ ਕੁੱਜੇ ਵਿੱਚ ਰਹਿਣ ਦਿੰਦਾ। ਝਰੇਤੂ ਤੇ ਦੋ ਦੋ ਇੰਚ ਮੋਟੀ ਘਿਓ ਦੀ ਤਹਿ ਜੰਮ ਜਾਂਦੀ। ਬਾਬਾ ਮੈਨੂੰ ਹੀ ਨਹੀਂ ਸਾਡੇ ਸਾਰੇ ਜਵਾਕਾਂ ਨੂੰ ਘਿਓ ਦੀ ਪੇਪੜੀ ਤੇ ਗੁੜ ਦੀ ਡਲੀ ਖਾਣ ਨੂੰ ਦਿੰਦਾ। ਮੈਨੂੰ ਉਹ ਖਾਧ ਪਦਾਰਥ ਤਿੰਨ ਮੇਲ ਦੇ ਪ੍ਰਸ਼ਾਦ ਤੋਂ ਵੀ ਸੁਆਦ ਲੱਗਦਾ। ਜਦੋਂ ਥੋੜ੍ਹਾ ਜਿਹਾ ਹੁਸ਼ਿਆਰ ਹੋਇਆ ਮੈਂ ਅੱਖ ਬਚਾ ਕੇ ਚੋਰੀਓ ਘਿਓ ਦੀ ਪੇਪੜੀ

ਪੱਟ ਲੈਂਦਾ ਤੇ ਗੁੜ ਚੱਕ ਲੈਂਦਾ। ਇਕ ਬੁਰਕੀ ਘਿਓ ਦੀ ਇੱਕ ਬੁਰਕੀ ਗੁੜ ਦੀ ਵੱਢ ਕੇ ਗਲੱਪ ਗਲੱਪ ਖਾ ਜਾਂਦਾ।

ਬਾਬਾ ਸਿੱਖ ਅੰਮ੍ਰਿਤਧਾਰੀ ਸਿੱਖ ਕਦੋਂ ਬਣਿਆ ਇਹ ਤਾਂ ਮੈਨੂੰ ਪਤਾ ਨਹੀਂ ਪਰ ਮੈਂ ਉਹਨੂੰ ਆਪਣੀ ਸੁਰਤ ਦੇ ਪੱਚੀ ਤੀਹ ਸਾਲਾਂ ਵਿੱਚ ਗਾਤਰਾ ਪਾਏ ਨਹੀਂ ਵੇਖਿਆ ਨਾ ਹੀ ਕਦੇ ਪਾਠ ਕਰਦੇ। ਉਸ ਦੇ ਪੈਰਾਂ ਵਿੱਚ ਧੌੜੀ ਦੇ ਜੋੜੇ, ਗੋਡਿਆਂ ਤੱਕ ਲੰਮਾ ਕਛਹਿਰਾ,ਚਿੱਟਾ ਕੁੜਤਾ ਤੇ ਸਿਰ ਤੇ ਨੀਲੇ ਰੰਗ ਦੀ ਟਸਰੀ। ਉਸ ਦਾ ਇਹ ਪਹਿਰਾਵਾ ਸਾਰੀ ਉਮਰ ਰਿਹਾ। ਉਮਰ ਦੇ ਆਖਰੀ ਪੜਾਅ ਤੇ ਆ ਕੇ ਉਸ ਦੇ ਗੋਡੇ ਜਵਾਬ ਦੇ ਗਏ ਸਨ ਪਰ ਅੜਬਾਈ ਕਾਇਮ ਰਹੀ। ਜੇ ਕਦੇ ਉਸ ਦੀ ਦਾਲ ਸਬਜ਼ੀ ਵਿੱਚ ਘਿਓ ਘੱਟ ਰਹਿ ਜਾਂਦਾ ਤਾਂ ਉਹ ਥਾਲ਼ੀ ਵਗਾਹ ਕੇ ਮਾਰਦਾ।

ਬਾਬੇ ਸਿੱਖ ਦਾ ਗਦੂਦਾਂ ਦਾ ਅਪਰੇਸ਼ਨ ਹੋਇਆ। ਖ਼ੂਨ ਦੀ ਲੋੜ ਪਈ, ਬਾਪੂ ਨੇ ਖ਼ੂਨ ਦਿੱਤਾ। ਖ਼ੂਨ ਦੀ ਬੋਤਲ ਲੱਗੀ, ਪਤਾ ਲੈਣ ਗਏ ਭਰਾ ਬੰਤੇ ਨੇ ਬੋਤਲ ਪੱਟ ਦਿੱਤੀ। ਨਾਲ ਦੇ ਬੈੱਡ ਤੇ ਪਏ ਬਾਗੜੀ ਬੁੜ੍ਹੇ ਨੇ ਬਾਬੇ ਕਰਤਾਰੇ ਨੂੰ ਦੱਸ ਦਿੱਤਾ। ਹਸਪਤਾਲ ਵਿੱਚ ਬਾਬੇ ਸਿੱਖ ਨੂੰ ਖੰਘ ਲੱਗ ਗਈ। ਵੱਡੇ ਵੱਡੇ ਖੰਘਾਰ ਨਿਕਲਦੇ।ਕੱ ਚੇ ਘਰਾਂ ਵਿੱਚ ਰਹਿਣ ਗਿੱਝੇ ਬਾਬੇ ਸਿੱਖ ਨੇ ਪੱਕੇ ਫਰਸ਼ ਤੇ ਥੁੱਕ ਥੁੱਕ ਕੇ ਢੇਰ ਲਾ ਦਿੱਤੇ।ਨਰਸ ਕੁੜੀ ਬਾਬੇ ਦੇ ਗਲ਼ ਪੈ ਗਈ। ਬਾਬਾ ਡਰ ਗਿਆ। ਥੋੜ੍ਹੇ ਚਿਰ ਬਾਅਦ ਉਸ ਨੂੰ ਫੇਰ ਖੰਘ ਦਾ ਦੌਰਾ ਉਠਿਆ। ਮੂੰਹ ਖੰਘਾਰ ਨਾਲ ਭਰ ਗਿਆ।ਨਾ ਉਹ ਬੋਲ ਸਕੇ ਨਾ ਥੁੱਕਣ ਨੂੰ ਥਾਂ ਥਿਆਵੇ। ਬਾਬੇ ਦੀ ਹਾਲਤ ਵੇਖ ਮੈਂ ਦੋਵੇਂ ਹੱਥਾਂ ਦਾ ਬੁੱਕ ਬਣਾ ਕੇ ਬਾਬੇ ਦੇ ਮੂੰਹ ਦੇ ਮੂਹਰੇ ਕਰ ਦਿੱਤਾ।

"ਥੁੱਕ ਦੇ ਬਾਬਾ...!"

ਬਾਬੇ ਨੇ ਹੋਰ ਆਸੇ ਪਾਸੇ ਥੁੱਕਣ ਦਾ ਤਰਲਾ ਮਾਰਿਆ, ਆਖ਼ਰ ਮੇਰੇ ਬੁੱਕ ਵਿੱਚ ਥੁੱਕ ਦਿੱਤਾ। ਥੁੱਕ ਕੇ ਉਸ ਨੂੰ ਆਰਾਮ ਆ ਗਿਆ। ਉਸ ਦਾ ਪੱਟਿਆ ਸਾਹ ਟਿਕ ਗਿਆ।

ਬਾਬੇ ਨੂੰ ਘਰ ਲੈ ਆਏ। ਉਹ ਅਜੇ ਪੂਰਾ ਠੀਕ ਨਹੀਂ ਸੀ ਹੋਇਆ ਕਿ ਇਕ ਦਿਨ ਤੜਕੇ ਤੜਕੇ ਮੈਨੂੰ ਕਹਿੰਦਾ....।

"ਗੱਲ ਸੁਣ..... ਟਰੈਕਟਰ ਕੱਢ, ਢਡਾਲੀਂ ਜਾਣੈ।"

"ਤੇਰੀ ਦਵਾਈ ਤਾਂ ਸਰਸੇ ਤੋਂ ਚੱਲਦੀ ਐ,ਢਡਾਲੀਂ ਕੀ ਕਰਨ ਜਾਣੈ।"

"ਬਸੀਅਤ ਕਰਾਉਣੀਂ ਐ ਸੋਡੇ ਚਾਰੇ ਭਰਾਵਾਂ ਦੇ ਨਾਂ।"

ਤੇ ਬਾਬੇ ਸਿੱਖ ਨੇ ਸਾਲ 1980 ਚ ਆਪਣੀ ਗਿਆਰਾਂ ਕਿੱਲੇ ਜ਼ਮੀਨ ਸਾਡੇ ਨਾਮ ਚੜ੍ਹਾ ਦਿੱਤੀ। ਉਸ ਤੋਂ ਪੂਰੇ ਨੌਂ ਸਾਲ ਸਿਰੇ ਦੀ ਸੇਵਾ ਕਰਵਾਕੇ ਸਾਡਾ ਬਾਬਾ ਸਿੱਖ ਸਾਨੂੰ ਛੱਡ ਕੇ ਤੁਰ ਗਿਆ।

• * * *

## ਬਾਬਾ ਕਰਤਾਰ ਸਿੰਘ ਉਰਫ ਛੋਟਾ ਬਾਬਾ

ਛੋਟਾ ਬਾਬਾ ਕਰਤਾਰਾ ਮੂੰਹ ਦਾ ਕੌੜਾ ਪਰ ਦਿਲ ਦਾ ਸਾਫ ਸੀ। ਉਹ ਸਿਰੇ ਦਾ ਲੜਾਕਾ ਸੀ,ਖੁੰਦਕੀ ਸੀ, ਉਹ ਤਾਂ ਨਿਰੀ ਅੱਗ ਦੀ ਨਾਲ਼ ਸੀ। ਉਹ ਪੂਰਾ ਅੜਬ ਬੰਦਾ ਸੀ। ਸਾਰੇ ਭਰਾਵਾਂ ਵਿੱਚ ਸਭ ਤੋਂ ਛੋਟਾ ਹੋਣ ਕਾਰਨ ਲਾਡਲਾ ਤਾਂ ਹੋਵੇਗਾ ਹੀ ਤਾਂ ਹੀ ਵਿਗੜਿਆ ਹੋਵੇਗਾ। ਪਰ ਸੀ ਉਹ ਬਹੁਤ ਮੋਹਖੋਰਾ, ਅਣਥੱਕ ਕਾਮਾ,ਹੁੱਨਰੀ ਕਿਸਾਨ ਤੇ ਘਰ ਤੇ ਪਹਿਰਾ ਦੇਣ ਵਾਲਾ ਪਹਿਰੇਦਾਰ।

ਬਾਬੇ ਕਰਤਾਰੇ ਦੀ ਛੋਟੀ ਉਮਰ ਵਿੱਚ ਨਿਗਾਹ ਘੱਟ ਸੀ। ਇਕ ਅੱਖ ਛੋਟੀ ਸੀ। ਨਜ਼ਰ ਦਿਨੋ ਦਿਨ ਘੱਟਦੀ ਜਾਂਦੀ ਸੀ। ਬਾਬਾ ਆਪ ਹੀ ਦੱਸਦਾ ਹੁੰਦਾ ਸੀ....।

"ਫੇਰ ਭਾਈ ਮੈਂ ਆਵਦੇ ਭਰਾ ਬੱਗਾ ਸਿਓਂ ਕੋਲ ਰੌਲਪਿੰਡੀ ਦਵਾਈ ਲੈਣ ਵਗ ਗਿਆ। ਓਥੇ ਓਹ ਨੇ ਮਲੱਟਰੀ ਹਸਪਤਾਲ ਚ ਮੇਰਾ ਅਪਰੇਸ਼ਨ ਕਰਾਇਆ। ਅੰਗਰੇਜ਼ ਡਾਕਟਰ ਨੇ ਕਿਹਾ ਸੀ...'ਨਜ਼ਰ ਵਧਦੀ ਤਾਂ ਹੈ ਨਹੀਂ ਪਰ ਘੱਟਦੀ ਵੀ ਨਹੀਂ' ... ਵੇਖ ਲਓ ਓਦੋਂ ਦੀ ਓਮੇਂ ਜਿਮੇਂ ਟਿਕੀ ਹੋਈ ਐ।"

ਬਾਬਾ ਅੱਖ ਦੇ ਨੁਕਸ਼ ਕਰਕੇ ਜਾਂ ਕਿਸੇ ਹੋਰ ਕਾਰਨ ਅਣਵਿਆਹਿਆ ਰਹਿ ਗਿਆ। ਇਸੇ ਨੁਕਸ਼ ਕਰਕੇ ਲੋਕ ਉਸ ਨੂੰ ਕਰਤਾਰਾ ਕਾਣਾ ਵੀ ਕਹਿਣ ਲੱਗਪੇ ਸਨ। ਪਰ ਪਿੱਠ ਪਿੱਛੇ.... ਮੂੰਹ ਤੇ ਉਹ ਅਗਲੇ ਦਾ ਮੂੰਹ ਨੋਚ ਲੈਂਦਾ। ਮੂੰਹ ਤੇ ਉਸ ਨੂੰ ਬਾਬਾ ਸਿੱਖ ਹੀ ਆਖਦਾ....।

"ਏਹ ਸਾਲਾ ਕਰਤਾਰਾ ਕਾਣਾ ਅੱਗ ਦੀ ਨਾਲ਼ ਐ।"

"ਤੇ ਤੂੰ ਕੀ ਐਂ,ਓਡ... ਰੂਸ ਮਰੀਕਾ।"

ਬਾਬਾ ਕਰਤਾਰਾ ਆਪ ਬਹੁਤ ਕੰਮ ਕਰਦਾ। ਨਾਲ਼ ਦੇ ਤੋਂ ਵੀ ਓਨਾ ਕੰਮ ਭਾਲਦਾ। ਸੀਰੀਆਂ ਪਾਲ਼ੀਆਂ ਨੂੰ ਪੂਰਾ ਤੰਗ ਕਰਦਾ। ਮੇਰੇ ਬਾਪੂ ਦੇ ਤੋਰੇ ਫੇਰੇ ਤੇ ਔਖਾ ਰਹਿੰਦਾ, ਗਾਲ੍ਹਾਂ ਕੱਢਦਾ। ਸਾਡੇ ਚਾਚੇ ਨੂੰ ਖਾਣ ਸੂਰਾ ਕਹਿੰਦਾ। ਸਾਨੂੰ ਨਿਕੰਮੇ, ਕੰਮਚੋਰ ਆਖਦਾ। ਪਰ ਕੰਮ ਕਰਨ ਦੇ ਨੁਸਖੇ ਵੀ ਸਿਖਾਉਂਦਾ। ਆਵਦੇ ਸਕੇ ਭਰਾ ਬਾਬੇ ਬੰਤੇ ਨਾਲ ਉਸ ਦਾ ਸਿਰ ਵੱਢਵਾਂ ਵੈਰ ਸੀ। ਵੱਡੇ ਭਰਾਵਾਂ ਬਾਬਾ ਬੱਗਾ ਸਿਓਂ ਤੇ ਬਾਬੇ ਸਿੱਖ ਦੀ ਉਹ ਬਹੁਤ ਇੱਜ਼ਤ ਕਰਦਾ ਸੀ। ਉਹ

ਪਲ ਵਿੱਚ ਅੱਖਾਂ ਵਿੱਚ ਲਹੂ ਉਤਾਰੀਂ ਖੜ੍ਹਾ ਹੁੰਦਾ ਛਿਣ ਬਾਅਦ ਅੱਖਾਂ ਭਰ ਲੈਂਦਾ। ਬਾਬੇ ਨੇ ਘਰ ਲਈ ਬਹੁਤ ਕਮਾਇਆ। ਬਹੁਤ ਖਪਿਆ, ਮੁੜ੍ਹਕਾ ਡੋਲ੍ਹਿਆ। ਬਹੁਤ ਕਲਪਿਆ।

ਇਕ ਵਾਰ ਸਿਆਲਾਂ ਦੇ ਦਿਨ ਸਨ। ਘਰ ਦੀ ਹਾਲਤ ਖ਼ਰਾਬ ਸੀ। ਕਣਕ, ਤੂੜੀ, ਦੁੱਧ,ਗੁੜ ਚਾਹ ਮੁੱਕੇ ਹੋਏ ਸਨ। ਬਾਪੂ ਕਈ ਦਿਨਾਂ ਦਾ ਗਰਾਂ ਗਿਆ ਮੁੜਿਆ ਨਹੀਂ ਸੀ। ਅਸੀਂ ਖੇਤ ਵਿੱਚ ਲਾਏ ਛਟੀਆਂ ਦੇ ਛੌਰ ਵਿੱਚੋਂ ਬੋਤੀ ਤੇ ਲੱਦਾ ਲੱਦ ਰਹੇ ਸਾਂ। ਛੋਟਾ ਬਾਬਾ ਲੱਦੇ ਦੇ ਉਤੇ ਚੜ੍ਹ ਕੇ ਰੱਸਾ ਕਸੀ ਜਾ ਰਿਹਾ ਸੀ। ਉਹ ਬੈਠੀ ਬੋਤੀ ਦੇ ਚੁਫੇਰੇ ਲਾਏ ਛਟੀਆਂ ਦੇ ਢੇਰ ਦੇ ਉਪਰ ਖੜ੍ਹਾ ਕਹਿਣ ਲੱਗਾ।

"ਟਿੱਚ ਟਿੱਚ ਟਿੱਚ.... ਕੀ ਬਣੂ ਏਸ ਗੰਦੇ ਟੱਬਰ ਦਾ... ਟਿੱਚ ਟਿੱਚ।"

ਟਿਚਕਰ ਸੁਣ ਕੇ ਬੋਤੀ ਖੜ੍ਹੀ ਹੋ ਗਈ। ਛਟੀਆਂ ਦਾ ਲੱਦਾ ਖਿੰਡ ਗਿਆ। ਬਾਬਾ ਛਟੀਉ ਦੇ ਢੇਰ ਚ ਦੱਬਿਆ ਗਿਆ। ਅਸੀਂ ਮਸਾਂ ਬਾਬੇ ਨੂੰ ਛਟੀਆਂ ਚੋਂ ਕੱਢਿਆ। ਸਾਨੂੰ ਹੱਸਦਿਆਂ ਨੂੰ ਵੇਖ ਉਸ ਗਾਲ੍ਹਾਂ ਦੀ ਸੂੜ੍ਹ ਧਰ ਲਈ।

"ਦੰਦ ਕੱਢੀਂ ਜਾਂਦੇ ਨੇ ਕੰਜਰ ਦੇ, ਮੈਂ ਛਟੀਆਂ ਨਾਲ਼ ਛਿੱਲਿਆ ਪਿਆਂ।"

"ਨਾ ਮਾਰਦਾ ਟਿਚਕਰਾਂ।" ਮੇਰੇ ਚਾਚੇ ਨੇ ਆਖ ਦਿੱਤਾ।

"ਓਏ ਕਦੋਂ ਮਾਰੀ ਸੀ....ਆਪੇ ਵੱਜ ਗਈ ਸਾਲ਼ੀ।"

ਅਸੀਂ ਫੇਰ ਹੱਸ ਪਏ। ਹਾਸੀ ਬਾਬੇ ਦੀ ਵੀ ਨਿੱਕਲ ਗਈ। ਉਹ ਹਾਸੀ ਰੋਕਦਾ ਬੋਲਿਆ...।

"ਚਲੋ ਸ਼ੇਰੋ, ਫੇਰ ਲੱਦੀਏ .... ਇੱਛ ਇੱਛ ਇੱਛ।" ਉਹ ਬੋਤੀ ਨੂੰ ਬਹਾਉਣ ਲੱਗਾ।

ਛੋਟਾ ਬਾਬਾ ਆਪ ਹੀ ਦੱਸਦਾ ਹੁੰਦਾ ਸੀ।

"'ਕੇਰਾਂ ਭਾਈ ਮੈਂ ਫ਼ੀਮ ਖਾਣ ਲੱਗ ਪਿਆ। ਫ਼ੀਮ ਦਾ ਗੋਲ਼ਾ ਖਾ ਲੈਂਦਾ ਸਿਰ ਸਿੱਟ ਕੇ ਕੰਮ ਨੂੰ ਜੁਟਿਆ ਰਹਿੰਦਾ। ਨਾ ਟੈਮ ਸਿਰ ਰੋਟੀ ਨਾ ਚਾਹ। ਨਾ ਨਹਾਉਣਾ ਨਾ ਕੱਪੜੇ ਧੋਣਾ.... ਬੱਸ ਫ਼ੀਮ ਤੇ ਕੰਮ, ਫਿਰ ਫ਼ੀਮ ਤੇ ਕੰਮ।"

"ਹਾੜੀ ਦਾ ਕੰਮ ਮੁੱਕਿਆਂ,ਛੇ ਮਹੀਨੇ ਹੋ ਗਏ, ਮੈਂ ਫੇਰ ਵੀ ਫ਼ੀਮ ਨਾ ਛੱਡੀ। ਇਕ ਦਿਨ ਮੈਂ ਸੋਚਿਆ.... ਐਂ ਕਿਮੇਂ ਟੈਮ ਟੱਪੂ? ਕਿਥੋਂ ਆਊ ਨਸ਼ਾ? ਕੌਣ ਦੇਊ ਲਿਆ ਕੇ ਜਦੋਂ ਅੰਗ ਪੈਰ ਜਵਾਬ ਦੇ ਗਏ।"

"ਮੈਂ ਤਾਂ ਭਾਈ ਮਾਰੀ ਚਲਾ ਕੇ ਡੱਬੀ।ਨਾ ਦਵਾਈ,ਨਾ ਟੀਕਾ। ਔਖਾ ਤਾਂ ਮੈਂ ਬਹੁਤ ਹੋਇਆ।ਕਰੜੀ ਜਿਹੀ ਬਣਾਉਂਦਾ ਚਾਹ, ਵਾਰੀ ਵਾਰੀ ਨਹਾ ਲੈਂਦਾ। ਲੱਤਾਂ ਫਸਾ ਲੈਂਦਾ ਮੰਜੇ ਦੀ ਦੌਣ ਚ, ਜਿਮੇਂ ਪੁਲਸ ਕਾਠ ਚ ਲਾਉਂਦੀ ਐ।"

"ਉਦੋਂ ਦੀ ਛੱਡੀ ਅੱਜ ਤੱਕ ਮੂੰਹ ਤੇ ਨ੍ਹੀਂ ਧਰੀ....!"
ਇਹ ਗੱਲਾਂ ਉਹ ਸਾਡੇ ਘਰ ਆ ਵੜੇ ਨਸ਼ਿਆਂ ਦੀ ਧਾੜ.... ਸ਼ਰਾਬ,ਭੁੱਕੀ, ਕੈਪਸੂਲ, ਬੀੜੀਆਂ,ਜਰਦੇ ਕਰਕੇ ਕਹਿੰਦਾ।
ਛੋਟੇ ਬਾਬੇ ਦੀ ਘਰ ਪ੍ਰਤੀ ਸਮਰਪਣ ਦੀ ਪੂਰੀ ਭਾਵਨਾ ਸੀ। ਪਰ ਉਸ ਦੀ ਕੋਈ ਕਲ਼ ਪੁੱਠੀ ਜੜੀ ਹੋਈ ਸੀ। ਜੇ ਤਾਂ ਘਰ ਵਿੱਚ ਸੁੱਖਸਾਂਦ ਹੁੰਦੀ,ਅਮਨ ਸ਼ਾਂਤੀ ਹੁੰਦੀ ਤਾਂ ਛੋਟਾ ਬਾਬਾ ਕਲ਼ ਖੜ੍ਹੀ ਕਰ ਦਿੰਦਾ। ਉਹ ਬਹਾਨੇ ਬਣਾ ਬਣਾ ਕੇ ਲੜ ਪੈਂਦਾ। ਜੇ ਘਰੇ ਕੋਈ ਤੰਗੀ ਤੋੜਾ ਹੁੰਦਾ, ਕੋਈ ਕੰਮ ਖ਼ਰਾਬ ਹੁੰਦਾ ਜਾਂ ਕੋਈ ਹੋਰ ਸਮੱਸਿਆ ਹੁੰਦੀ ਤਾਂ ਛੋਟਾ ਬਾਬਾ ਹਮਦਰਦ ਬਣ ਬਣ ਬਹਿੰਦਾ। ਮੂਹਰੇ ਹੋ ਕੇ ਦੁੱਖ ਵੰਡਾਉਂਦਾ। ਭੱਜ ਭੱਜ ਕੇ ਕੰਮ ਕਰਦਾ। ਮੱਤਾਂ ਦਿੰਦਾ....!
"ਤਕੜੇ ਹੋਵੋ। ਜੇ ਚੰਗੇ ਦਿਨ ਨਹੀਂ ਰਹੇ ਤਾਂ ਆਹ ਵੀ ਨਹੀਂ ਰਹਿੰਦੇ। ਕੰਮ ਕਰੋ ਬੱਸ ਕੰਮ।"
ਬਾਬਿਆਂ ਦੀਆਂ ਗਾਲ੍ਹਾਂ,ਟੋਕਾ ਟਾਕੀ, ਲੜਾਈ, ਝਗੜੇ ਅਤੇ ਉਨ੍ਹਾਂ ਦੇ ਖਰਵੇ ਸੁਭਾਅ ਦੇ ਸਤਾਏ ਅਸੀਂ ਕਈ ਵਾਰ ਕਹਿ ਦਿੰਦੇ..!
"ਇਹ ਨ੍ਹੀਂ ਮਰਦੇ, ਮਗਰੋਂ ਲੈਂਹਦੇ।"
"ਹਿੱਕ ਤੇ ਧਰ ਕੇ ਲੈ ਜਿਓ ਆਵਦੀ ਜ਼ਮੀਨ।"
ਛੋਟੇ ਬਾਬੇ ਦੇ ਸਾਡੇ ਲਈ ਪਿਆਰ ਅਤੇ ਸਮਰਪਣ ਦੀ ਭਾਵਨਾ ਸੀ ਕਿ ਬਾਬੇ ਸਿੱਖ ਨੂੰ ਓਸੇ ਨੇ 'ਮੱਤ' ਦਿੱਤੀ ਸੀ। ਬਾਬਾ ਸਿੱਖ ਜਦੋਂ ਗਦੂਦਾਂ ਦਾ ਸਫ਼ਲ ਉਪਰੇਸ਼ਨ ਕਰਵਾ ਕੇ ਆਇਆ ਸੀ ਤਾਂ ਇਕ ਦਿਨ ਛੋਟੇ ਬਾਬੇ ਨੇ ਸਿੱਖ ਨੂੰ ਪੁੱਛਿਆ...!
"ਕਿਮੇਂ ਸਿੱਖਾ, ਹੁਣ ਕਿਮੇਂ ਐਂ?" ਉਹ ਬੈਠਕ ਮੂਹਰੇ ਮੰਜੇ ਡਾਹ ਕੇ ਹਮੇਸ਼ਾ ਇਕੱਠੇ ਪੈਂਦੇ ਸਨ।
"ਜਮਾਂ ਠੀਕ ਆਂ.... ਟੱਲੀ ਆਂਗੂੰ ਖੜਕਾਦਾਂ।"
"ਖੜਕ ਗਿਆ ਸੀ ਟੱਲੀ ਆਂਗੂੰ ਤੂੰ ਤਾਂ, ਬੰਤੇ ਨੇ ਖੜਕਾਤੀ ਸੀ ਤੇਰੀ ਟੱਲੀ...!"
ਫੇਰ ਬਾਬੇ ਕਰਤਾਰੇ ਨੇ ਬਾਬੇ ਸਿੱਖ ਨੂੰ ਸਾਰੀ ਘਟਨਾ ਦੱਸ ਦਿੱਤੀ। ਭਤੀਜੇ ਵੱਲੋਂ ਖ਼ੂਨ ਦੇਣਾ, ਉਨ੍ਹਾਂ ਦੇ ਸਕੇ ਭਰਾ ਵੱਲੋਂ ਖ਼ੂਨ ਵਾਲੀ ਬੋਤਲ ਪੱਟ ਦੇਣਾ, ਚਸ਼ਮਦੀਦ ਗਵਾਹ ਬਜ਼ੁਰਗ ਬਾਗੜੀ ਵੱਲੋਂ ਛੋਟੇ ਬਾਬੇ ਨੂੰ ਦੱਸਣਾ, ਪੋਤਰੇ ਵੱਲੋਂ ਹੱਥਾਂ ਵਿੱਚ ਖੰਘਾਰ ਥੁੱਕਾਉਣਾ .... ਦੱਸ ਕੇ ਕਿਹਾ।
"ਵੇਖ ਲੈ ਆਵਦਾ ਕੌਣ ਬੇਗਾਨਾ ਕੌਣ.... ਸਕਾ ਭਰਾ ਮਾਰਨ ਨੂੰ ਫਿਰਦਾ ਸੀ, ਭਤੀਜੇ ਤੇ ਪੋਤੇ ਨੇ ਬਚਾਤਾ।"
"ਫੇਰ....!" ਬਾਬਾ ਸਿੱਖ ਸੋਚੀਂ ਪੈ ਗਿਆ।

"ਫੇਰ ਕੀ ਪੁੱਛਣਾ..... ਆਹ ਜ਼ਮੀਨ ਜੈਦਾਤ ਕੀ ਨਾਲ ਲੈਜੇਂਗਾ ਚੱਕ ਕੇ..... ਲਵਾ ਦੇ ਜਵਾਕਾਂ ਦੇ ਨਾਂ... ਆਵਦੀ ਅੰਸ ਦੇ ਨਾਂਮ ਚੜ੍ਹਾ ਦੇ।"

ਛੋਟੇ ਬਾਬੇ ਦੇ ਕਹਿਣ ਤੇ ਬਾਬੇ ਸਿੱਖ ਨੇ ਸਾਡੇ ਨਾਂ ਵਸੀਅਤ ਕਰਾ ਦਿੱਤੀ। ਵਸੀਅਤ ਕਰਾਉਣ ਤੋਂ ਨੌਂ ਸਾਲ ਬਾਅਦ ਬਾਬੇ ਸਿੱਖ ਦੀ ਮੌਤ ਹੋ ਗਈ। ਬਾਬੇ ਦੇ ਭੋਗ ਤੋਂ ਕਈ ਮਹੀਨਿਆਂ ਬਾਅਦ ਸਾਡੇ ਸਕਿਆਂ ਦਾ ਲੀਡਰ ਟਾਈਪ ਪ੍ਰਾਹੁਣਾ ਸਾਡੇ ਘਰੇ ਆਇਆ। ਬਾਪੂ ਨੇ ਆਵਾਜ਼ ਮਾਰੀ।

"ਚਾਹ ਨਾ ਧਰੋ, ਦੁੱਧ ਤੱਤਾ ਕਰ ਲੋ,ਜਵਾਈ ਭਾਈ ਆਇਐ।"

ਬੇਬੇ ਦੁੱਧ ਗਰਮ ਕਰਨ ਲੱਗੀ। ਬਾਪੂ ਨੇ ਚੁੱਲ੍ਹੇ ਕੋਲ ਹੀ ਮੰਜਾ ਖਿੱਚ ਲਿਆ। ਛੋਟਾ ਬਾਬਾ ਵੀ ਸੋਟੀ ਦੀ ਠੱਕ ਠੱਕ ਕਰਦਾ ਕੋਲ ਆ ਗਿਆ ਅਤੇ ਠੋਡੀ ਹੇਠਾਂ ਸੋਟੀ ਰੱਖ ਕੇ ਪਹਿਰੇਦਾਰਾਂ ਵਾਂਗੂੰ ਖੜ੍ਹ ਗਿਆ।

ਪ੍ਰਾਹੁਣੇ ਨੇ ਸੋਚੇ ਸਮਝੇ ਤੀਰ ਛੱਡਣ ਲਈ ਸਿਆਣਪ ਘੋਟੀ।

" ਵੇਖੋ ਜੀ.... ਇਕ ਬੁੜ੍ਹੇ ਦੀ ਜ਼ਮੀਨ ਸੋਨੂੰ ਆਗੀ.... ਦੂਜੀ ਉਹਨਾਂ ਨੂੰ ਛੱਡ ਦਿਓ।"

ਬਾਪੂ ਦੀਆਂ ਗਿਆਨ ਇੰਦਰੀਆਂ ਸੁਚੇਤ ਹੋ ਗਈਆਂ। ਉਸ ਛੋਟੇ ਬਾਬੇ ਵੱਲ ਹੱਥ ਕਰਕੇ ਕਿਹਾ।

"ਆਹ ਖੜ੍ਹਾ ਛੋਟਾ ਬੁੜ੍ਹਾ..... ਹੁਣੇ ਲੈ ਜਾ।"

"ਐਂ ਤਾਂ ਕਿਮੇਂ ਲੈਜਾਂ...... ਪਹਿਲਾਂ ਜ਼ਮੀਨ ਨਾਂ ਲਵਾਏ.... ਊਂਅ ਕਿਹੜਾ ਗੂੰਹ ਚੱਕੇ।"

ਛੋਟੇ ਬਾਬੇ ਨੂੰ ਚੀਹ ਚੜ੍ਹ ਗਈ। ਉਸ ਅੰਦਰਲੀ ਅੱਗ ਨਾਲ਼ ਵਿੱਚ ਆ ਗਈ। ਉਸ ਠੋਡੀ ਹੇਠਾਂ ਦਿੱਤੀ ਸੋਟੀ ਦੋਹਾਂ ਹੱਥਾਂ ਨਾਲ ਸਿਰ ਤੋਂ ਉਪਰ ਲਿਜਾ ਕੇ ਉਘਰ ਲਈ ਤੇ ਗਾਲ੍ਹਾਂ ਦੀ ਵਾਛੜ ਕਰਦਾ ਗਰਜਿਆ....!

"ਤੇਰੀ ਓਏ ਮਾਂ ਦਾ ਮਾਰਿਆ ਫਲਾਨਾ ਥੋਕ.... ਨਿੱਕਲ ਜਾ ਐਸੇ ਵਕ਼ਤ ਸਾਡੇ ਘਰੋਂ.... ਸਾਲੇ ਦਾ ਸੋਟੀ ਮਾਰ ਕੇ ਸਿਰ ਪਾੜਦੂੰ।"

ਪ੍ਰਾਹੁਣੇ ਦੀ ਸਾਰੀ ਸੱਤਿਆ ਮੁੱਕ ਗਈ। ਉਹ ਕੱਚਾ,ਬੇਸ਼ਰਮ ਵੀ ਹੋ ਗਿਆ ਤੇ ਡਰ ਵੀ ਗਿਆ। ਉਹ ਉਠ ਕੇ ਭੱਜਦਿਆਂ ਵਾਂਗ ਤੁਰ ਪਿਆ। ਤੇਜ਼ ਕਦਮੀਂ ਤੁਰੇ ਜਾਂਦੇ ਪ੍ਰਾਹੁਣੇ ਵੱਲ ਛੋਟੇ ਬਾਬੇ ਨੇ ਉਵੇਂ ਉਘਰੀ ਸੋਟੀ ਨਾਲ ਦੋ ਤਿੰਨ ਕਦਮ ਪੁੱਟੇ ਤੇ ਫੇਰ ਭਬਕਿਆ।

"ਖੜ੍ਹੋ ਜਾਹ, ਲੈ ਕੇ ਜਾਈਂ ਮੁਰੱਬੇ... ਢੇਕਾ ਜ਼ਮੀਨ ਦਾ।"

ਤੇ ਐਂ ਹੀ ਸਾਡੇ ਘਰ ਤੇ ਠੀਕਰੀ ਪਹਿਰਾ ਦਿੰਦਾ ਛੋਟਾ ਬਾਬਾ ਇਕ ਵਾਰ ਆਪ ਹੀ ਜਾ ਕੇ ਸਿਕੰਦਰਪੁਰੇ ਰਾਧਾ ਸੁਆਮੀਆਂ ਦੇ ਡੇਰੇ ਚੋਂ ਅੱਖਾਂ ਦਾ ਅਪਰੇਸ਼ਨ ਕਰਾ ਲਿਆਇਆ ਜਿਸਨੇ ਉਸਨੂੰ ਅਜਿਹਾ ਮੰਜੇ ਤੇ ਸੁਟਿਆ,ਮੁੜ ਨਹੀਂ ਉਠਿਆ। ਮੰਜੇ ਤੇ ਪਏ ਬਾਬੇ ਦੀ ਸਾਡੇ ਸਾਰੇ ਟੱਬਰ ਨੇ ਬਹੁਤ ਸੇਵਾ ਕੀਤੀ। ਭਾਵੇਂ ਜ਼ਮੀਨ ਸਾਂਭਣ ਦੀ ਲੋਕ ਲੱਜ ਵੀ ਸੀ ਪਰ ਸੇਵਾ ਕੀਤੀ ਬਹੁਤ। ਆਪਣੇ ਸਕੇ ਬਾਪ ਦਾਦੇ ਤੋਂ ਵੀ ਕਿਤੇ ਵੱਧ....!

ਸਾਡੇ ਅਣਵਿਆਹੇ ਬਾਬੇ, ਬਾਬਾ ਸਿੱਖ ਤੇ ਛੋਟਾ ਬਾਬਾ ਸਾਡੇ ਸੰਘਿਆਂ ਵਾਲੇ ਖੇਤ ਪੰਜ ਪੰਜ ਇੱਟਾਂ ਦੀਆਂ ਮਟੀਆਂ ਵਿੱਚ ਬੈਠੇ ਅਜੇ ਵੀ ਸਾਡੇ ਖੇਤ ਅਤੇ ਘਰ 'ਤੇ ਠੀਕਰੀ ਪਹਿਰਾ ਦੇਈਂ ਜਾਂਦੇ ਨੇ। ਬੇਰੀ,ਨਿੰਮ ਤੇ ਤੂਤ ਦੀ ਤ੍ਰਿਵੈਣੀ ਹੇਠ ਚਿੱਟੀ ਕਲੀ ਕੀਤੀਆਂ ਮਟੀਆਂ ਸਾਡੀ ਬਾਬਿਆਂ ਲਈ ਸ਼ਰਧਾਂਜਲੀ ਹੀ ਹਨ। ਸਾਡੇ ਘਰ ਦੀਆਂ ਔਰਤਾਂ ਅਜੇ ਵੀ ਮੱਸਿਆ, ਸੰਗਰਾਂਦ, ਦਿਵਾਲੀ, ਦੁਸਹਿਰੇ ਨੂੰ ਸਿਰ ਢਕ ਕੇ, ਘੁੰਡ ਕੱਢ ਕੇ ਬਾਬਿਆਂ ਨੂੰ ਮੱਥਾ ਟੇਕ ਕੇ ਆਉਂਦੀਆਂ ਹਨ।

--o--